ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥

ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥

JAN 1994

ਜਨ
ਵਰੀ
੧੯੯੪




ਦਸਮੇਸ਼ ਪਿਤਾ ਜੀ ਦਾ ਪ੍ਰਕਾਸ਼-ਉਤਸ਼ਵ ਗੁਰਪੁਰਬ ਲੁਧਿਆਣਾ ਵਿਖੇ

ਅਖੰਡ ਕੀਰਤਨੀ ਜਥਿਆਂ ਵਲੋਂ ੧੭ ਤੋਂ ੨੦ ਦਸੰਬਰ ਸਵੇਰ ਤਕ ਮਨਾਇਆ ਜਾ ਰਿਹਾ ਹੈ।

www.AKJ.Org

# ਤ ਤ ਕ ਰਾ


| | | |
|---|---|---|
| ਮਾਘਿ ਪੁਨੀਤ ਭਈ | ੩ | ਤੁਖਾਰੀ ਬਾਰਹਮਾਹਾ ਮਹਲਾ ੧ |
| –ਅਰਥ ਵਿਆਖਿਆ | ੪ | – – – |
| ਸ੍ਰੀ ਦਸਮੇਸ਼ ਪੂਰਨੇ | ੬ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਕਥਾ ਕੀਰਤਨ | ੧੦ | ,, ,, ,, |
| ਕੌਮੀ ਆਗੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ | ੧੪ | ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ |
| ਗੁਰੂ ਗੋਬਿੰਦ ਸਿੰਘ ਜੀ ਦਾ ਇਕ ਜੀਵਨ-ਦ੍ਰਿਸ਼ | ੧੯ | ਭਾਈ ਸਾਹਿਬ ਹਰਨਾਮ ਸਿੰਘ ਜੀ ਕੋਮਲ |
| ਗੁਰੂ ਗੋਬਿੰਦ ਸਿੰਘ ਜੀ ਦਾ ਆਤਮਕ ਮੰਡਲ | ੨੫ | ਪ੍ਰੋਫੈਸਰ ਜੋਗਿੰਦਰ ਸਿੰਘ ਜੀ |
| ਕਬਿਤ ਸਵੱਯੇ ਭਾਈ ਗੁਰਦਾਸ ਜੀ | ੨੮ | – – – |
| ਆਪਣੇ ਆਪ ਨੂੰ ਸਿਖ ਅਖਵਾਉਣ ਵਾਲਿਓ ! | ੩੨ | ਸਿਖ ਮਿਸ਼ਨਰੀ ਕਾਲਜ |
| ਬੇਮਿਸਾਲ ਉਲੱਥਾਕਾਰ ਅਤੇ ਖਾਲਸੇ ਦਾ ਸਿਰਜਣਹਾਰ | ੩੩ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਸਭਰਾਵਾਂ ਦੀ ਲੜਾਈ, ਮਹਾਰਾਣੀ ਦੀ ਬੇਪਤੀ ਤੇ ਬਦਲਾ | ੩੭ | ਕੈਪਟਿਨ ਸਵਰਨ ਸਿੰਘ ਜੀ |
| ਬਣ ਕੇ ਪੀਰਾਂ ਦਾ ਪੀਰ ਆਇਆ ਹੈ | ੪੪ | ਸ: ਸੁਰਜੀਤ ਸਿੰਘ ਜੀ ਸਾਜਨ |


ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਵਤਾਰ ਧਾਰਿਆ ੧੯ ਜਨਵਰੀ

**ਪਰਚਾ ਬਹੁਤਾ ਲੇਟ ਹੋਣ ਕਰਕੇ ਐਤਕੀ 1994 ਦੀ ਜੰਤਰੀ ਨਹੀਂ ਦਿਤੀ ਜਾ ਸਕੀ।**

## ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | | | |
|---|---|---|---|
| ਗੁਪਤ ਲੁਧਿਆਣਾ | ੨੦੦-੦੦ | ਗੁਪਤ ਸੇਵਾ | ੫੪੦੦-੦੦ |
| ਕਾਕਾ ਪਰਦੀਪ ਸਿੰਘ ਲੁਧਿਆਣਾ | ੫੦-੦੦ | ਬੀਬੀ ਗੁਰਬਚਨ ਕੌਰ ਲੁਧਿਆਣਾ | ੧੦੦-੦੦ |
| ਸ. ਸਵਰਨ ਸਿੰਘ ,, | ੪੦-੦੦ | ਭਾ: ਪ੍ਰਦੀਮਨ ਸਿੰਘ ਜਲੰਧਰ (ਗੋਲਕ ਫੰਡ) | ੨੦੦-੦੦ |
| ਸ। ਗੁਰਚਰਨ ਸਿੰਘ ਵਾਰਾਨਸੀ | ੩੦੦-੦੦ | | |

## ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਸਰਦਾਰਨੀ ਅਮਰ ਕੌਰ (ਮਦਰਾਸੀ ਪਰਵਾਰ) ਤਿੰਨ ਮਹੀਨਿਆਂ ਦੀ ਸਹਾਇਤਾ | ੩੦੦-੦੦ |

## ਸੂਰਾ ਮਾਸਕ ਪੱਤਰ ਦੀ ਚੜ੍ਹਦੀ ਕਲਾ ਲਈ ਪੁਜੀ ਸਹਾਇਤਾ

| | | | |
|---|---|---|---|
| ਗੁਰੂ ਕਾ ਸੇਵਾਦਾਰ ਜੋਧਪੁਰ | ੧੦੦-੦੦ | ਭਾ. ਦਰਸ਼ਨ ਸਿੰਘ ਅਬੂਧਾਬੀ | ੫੦੦-੦੦ |
| ਗੁਪਤ ਦਾਨ | ੨੦੦-੦੦ | ਪ੍ਰਵਾਰ ਵਿੰਗ ਕਮਾਂਡਰ ਸੰਤ ਸਿੰਘ ਗਿਆਨੀ | |
| ਸ: ਗੁਰਬਖਸ਼ ਸਿੰਘ ਜਬਲਪੁਰ | ੨੫੧-੦੦ | ਚੰਡੀਗੜ੍ਹ ਸਰਦਾਰ ਜੀ ਦੀ ਅਰੋਗਤਾ ਲਈ | ੧੦੦-੦੦ |
| ਸ: ਸ਼ਾਮ ਸੁੰਦਰ ,, | ੨੨੧-੦੦ | ਗੁਪਤ ਦਾਨ | ੫੧-੦੦ |
| ਭਾ। ਧਿਆਨ ਸਿੰਘ ,, | ੨੨੨੫-੦੦ | ਪ੍ਰਵਾਰ ਭਾ. ਸਨਮੁਖ ਸਿੰਘ ਜਬਲਪੁਰ | ੧੨੭-੬੦ |
| ਸ: ਹਰਦੀਪ ਸਿੰਘ ,, | ੨੧੭-੦੦ | ਸ. ਗੁਰਚਰਨ ਸਿੰਘ ,, | ੨੬੯-੦੦ |
| ਭਾ: ਮਨਜੀਤ ਸਿੰਘ ,, | ੧੫੦-੦੦ | ਸ. ਹਰਜੀਤ ਸਿੰਘ ,, | ੧੫੦-੦੦ |
| ਡਾ. ਪ੍ਰੀਤਮ ਸਿੰਘ ਜੋਧਪੁਰ | | ਗੁਪਤ ,, | ੧੫੨-੦੦ |
| ਬੀ: ਬਚਨ ਕੌਰ ਦੀ ਯਾਦ ਵਿਚ | ੫੦੦-੦੦ | ਭਾ. ਸੁਲਖਣ ਸਿੰਘ ਡਰਬੀ | ੪੭੨੪-੯੦ |


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੋੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸ਼ਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧੭.੧.੯੪ ਨੂੰ ਪ੍ਰਕਾਸ਼ਤ ਕੀਤ



www.AKJ.Org

# ਸੂਰਾ

ਸ੍ਰੀ ਅੰਮ੍ਰਿਤਸਰ

ਮਾਸਕ ਪੱਤਰ

**ਸਾਲਾਨਾ ਚੰਦਾ**

ਦੇਸ ੬੦-੦੦
ਇਕ ਪਰਚਾ ੩-੦੦

**ਪਰਦੇਸ (ਸਾਰੇ)**
**ਸਾਲਾਨਾ ਚੰਦਾ**

ਸਮੁੰਦਰੀ ਡਾਕ ੮੦-੦੦
ਹਵਾਈ ਡਾਕ ੨੫੦-੦੦

Foreign Subscription
Sea Mail 80-00
Air Mail 250-00

**ਅਮਾਨਤੀ**
**ਲਾਈਫ਼ ਮੈਂਬਰ**

ਦੇਸ ੨੫੦-੦੦
ਪਰਦੇਸ
ਸਮੁੰਦਰੀ ਡਾਕ ੮੦੦-੦੦
ਹਵਾਈ ਡਾਕ ੨੦੦੦-੦੦

## ਅਖੰਡ ਕੀਰਤਨ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੮ | ਜਨਵਰੀ ੧੯੯੪ | ਅੰਕ ੧


## ਮਾਘਿ ਪੁਨੀਤ ਭਈ

ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥
ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ ॥
ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ ॥
ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ ॥
ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ ॥
ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ ॥੧੫॥

[ਤੁਖਾਰੀ ਬਾਰਹਮਾਹਾ ਮਹਲਾ ੧

ਮਾਘਿ—ਮਾਘ ਮਹੀਨੇ ਵਿਚ। ਪੁਨੀਤ–ਪਵਿੱਤਰ। ਤੀਰਥੁ—ਪਵਿੱਤਰ ਅਸਥਾਨ। ਅੰਤਰਿ—ਹਿਰਦੇ ਵਿਚ। ਸਹਜਿ—ਸਹਜ (ਗਿਆਨ) ਅਵਸਥਾ ਵਿਚ, ਅਡੋਲ ਆਤਮ ਅਵਸਥਾ ਵਿਚ। ਗੁਣ - ਸਿਫ਼ਤ ਸਲਾਹ ਦੇ ਗੁਣ। ਗਹਿ—ਪਕੜ ਕੇ, ਧਾਰਨ ਕਰ ਕੇ। ਅੰਕਿ—ਗੋਦੀ ਵਿਚ, ਅੰਗ ਨਾਲ, ਭਾਵ ਚਰਨਾਂ ਵਿਚ। ਅੰਕੇ—ਅੰਕ ਵਿਚ, ਹਿਰਦੇ ਵਿਚ। ਬੰਕੇ—ਬਾਂਕੇ, ਸੁੰਦਰ, ਸਜ ਧਜ ਵਾਲੇ। ਸਰਿ—ਸਰੋਵਰ (ਤੀਰਥ) ਉਤੇ। ਬੇਣੀ ਸੰਗਮ—ਪਵਿੱਤਰ ਮੰਨੀਆਂ ਜਾਂਦੀਆਂ ਤਿੰਨਾਂ ਨਦੀਆਂ (ਗੰਗਾ, ਜਮਨਾ, ਸਰਸ੍ਵਤੀ) ਦਾ ਮਿਲਾਪ-ਅਸਥਾਨ, ਤ੍ਰਿਬੇਣੀ। ਹਰਿ ਜਪਿ—ਵਾਹਿਗੁਰੂ ਨੂੰ ਸਿਮਰ ਕੇ। ਅਠਸਠਿ—ਅਠਾਹਠ।



www.AKJ.Org

# ਅਰਥ ਵਿਆਖਿਆ

**ਅਰਥ** : ਮਾਘ ਮਹੀਨੇ ਵਿਚ (ਤੀਰਥ-ਇਸ਼ਨਾਨ ਦੀ ਅਸਲੀਅਤ ਦ੍ਰਿੜ੍ਹ ਕਰਾਈ ਹੈ ਕਿ ਜਿਸ ਪ੍ਰਾਣੀ ਨੇ) ਵਾਹਿਗੁਰੂ-ਨਾਮ ਰੂਪੀ ਤੀਰਥ ਨੂੰ ਆਪਣੇ ਹਿਰਦੇ ਵਿਚ ਵਸਿਆ ਜਾਣ ਲਿਆ ਹੈ, ਉਸ ਦੀ ਦੇਹੀ ਪਵਿੱਤਰ ਹੋ ਗਈ ਹੈ। ਉਹ ਪ੍ਰਾਣੀ ਸਾਜਨ ਪ੍ਰੀਤਮ ਦੀ ਸਿਫ਼ਤ-ਸਲਾਹ ਦੇ ਗੁਣ ਅੰਤਰ ਧਾਰਨ ਕਰ ਕੇ (ਨਾਮ ਸਿਮਰਨ ਨੂੰ ਅੰਤਰ-ਆਤਮੇ ਵਸਾ ਕੇ) ਪ੍ਰਭੂ ਦੇ ਚਰਨਾਂ ਵਿਚ ਲਿਵ-ਲੀਨ ਹੋ ਜਾਂਦਾ ਹੈ ਅਤੇ ਅਡੋਲ ਆਤਮ ਅਵਸਥਾ ਵਿਚ ਟਿਕ ਜਾਂਦਾ ਹੈ।

ਹੇ ਸੋਹਣੇ ਪ੍ਰੀਤਮ ਪ੍ਰਭੂ ! (ਮੇਰੀ ਬੇਨਤੀ) ਸੁਣੋ ਜੀ, (ਤੇਰੀ ਬਖ਼ਸ਼ਸ਼ ਨਾਲ) ਤੈਂ ਪ੍ਰੀਤਮ ਦੇ ਸੋਹਣੇ ਗੁਣ ਜੇ ਮੇਰੇ ਹਿਰਦੇ ਵਿਚ (ਵਸ ਜਾਣ) ਅਤੇ ਤੈਨੂੰ ਚੰਗੀ ਲਗ ਜਾਵਾਂ ਤਾਂ ਮੇਰਾ (ਅਸਲੀ) ਤੀਰਥ-ਇਸ਼ਨਾਨ ਹੋ ਗਿਆ। (ਤੇਰੀ ਮਿਹਰ ਨਾਲ ਹਿਰਦੇ ਵਿਚ ਵਸੇ ਨਾਮ-ਰੂਪ ਤੀਰਥ ਵਿਖੇ) ਜਿਥੇ ਗੰਗਾ ਜਮੁਨਾ ਆਦਿ ਤਿੰਨਾਂ ਨਦੀਆਂ ਦਾ ਮਿਲਾਪ-ਅਸਥਾਨ ਤ੍ਰਿਬੇਣੀ ਹੈ, ਸਤਾਂ ਸਮੁੰਦਰਾਂ ਦਾ ਇਸ਼ਨਾਨ ਵੀ ਸਮਾਇਆ ਹੋਇਆ ਹੈ। (ਭਾਵ, ਤੀਰਥਾਂ ਦੇ ਅਤੇ ਸਤਾਂ ਸਮੁੰਦਰਾਂ ਦੇ ਇਸ਼ਨਾਨ ਨਾਮ-ਸਿਮਰਨ ਦੇ ਤੀਰਥ ਵਿਚ ਆ ਜਾਂਦੇ ਹਨ)।

(ਜਿਹੜਾ ਪ੍ਰਾਣੀ) ਹਰੇਕ ਜੁਗ ਵਿਚ (ਹਰ ਸਮੇਂ, ਹਰ ਹਿਰਦੇ ਵਿਚ) ਇਕੋ ਪ੍ਰੀਤਮ ਪਰਮੇਸ਼ਰ ਨੂੰ ਵਸਦਾ ਪਛਾਣ ਲੈਂਦਾ ਹੈ ਉਸ ਦੇ ਪੁੰਨ ਦਾਨ ਅਤੇ ਪੂਜਾ (ਆਦਿ ਸਭ ਕਰਮ) ਹੋ ਗਏ ਸਮਝੋ, (ਭਾਵ, ਉਸ ਨੂੰ ਹੋਰ ਕਿਸੇ ਕਰਮ-ਕਾਂਡ ਕਰਨ ਦੀ ਲੋੜ ਨਹੀਂ ਰਹਿੰਦੀ)।

'ਨਾਨਕ' ਮੁਹਰ-ਛਾਪ ਹੇਠ ਸਤਿਗੁਰੂ ਜੀ ਫੁਰਮਾਂਦੇ ਹਨ ਕਿ ਮਾਘ ਮਹੀਨੇ ਵਿਚ (ਜੋ ਪ੍ਰਾਣੀ) ਹਰੀ ਪ੍ਰਭੂ ਨੂੰ ਸਿਮਰ ਸਿਮਰ ਕੇ ਨਾਮ ਦੇ ਮਹਾਂ ਰਸ ਨੂੰ ਭੁੰਚਦਾ ਹੈ, ਉਸ ਦਾ ਅਠਾਹਠ ਤੀਰਥਾਂ ਤੇ ਇਸ਼ਨਾਨ ਹੋ ਗਿਆ ਸਮਝੋ।

**ਵਿਆਖਿਆ :**

ਮਾਘੀ ਦੇ ਇਸ਼ਨਾਨ ਨੂੰ ਬੜੀ ਮਹੱਤਤਾ ਦਿਤੀ ਜਾਂਦੀ ਹੈ ਅਤੇ ਖ਼ਾਸ ਕਰਕੇ ਮਾਘ ਮਹੀਨੇ ਲੋਕੀ ਪ੍ਰਯਾਗ ਆਦਿ ਕਿਸੇ ਤੀਰਥ ਉਤੇ ਜਾ ਕੇ ਇਸ਼ਨਾਨ ਕਰਨ ਨੂੰ ਬਹੁਤ ਪੁੰਨ ਕਰਮ ਸਮਝਦੇ ਹਨ। ਪਰ ਗੁਰਮਤਿ ਵਿਚ ਤੀਰਥਾਂ ਆਦਿ ਦੇ ਬਾਹਰਮੁਖੀ ਇਸ਼ਨਾਨ ਨੂੰ ਕੋਈ ਥਾਂ ਨਹੀਂ। ਜੇ ਅੰਦਰਲਾ ਮਨ ਵਿਕਾਰਾਂ ਨੇ ਮੈਲਾ ਕੀਤਾ ਹੋਇਆ ਹੈ ਤਾਂ ਬਾਹਰੋਂ ਸਰੀਰ ਨੂੰ ਤੀਰਥਾਂ ਆਦਿ ਤੇ ਨਵਾਲ੍ਹਣ ਨਾਲ ਅੰਦਰਲੀ ਮੈਲ ਨਹੀਂ ਧੁਪਣੀ। ਗੁਰਬਾਣੀ ਸਪੱਸ਼ਟ ਕਰਦੀ ਹੈ—

— ਤੀਰਥਿ ਨਾਇ ਕਹਾ ਸੁਚਿ ਸੈਲੁ ॥ ਮਨ ਕਉ ਵਿਆਪੈ ਹਉਮੈ ਮੈਲੁ ॥੨॥੪੫॥ (੧੧੪੯)
— ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾ ॥੧॥੩੭॥ (ਪੰਨਾ ੪੮੪)
— ਮਨਿ ਮੈਲੈ ਸਭੁ ਕਿਛੁ ਮੈਲਾ, ਤਨਿ ਧੋਤੈ ਮਨੁ ਹਛਾ ਨ ਹੋਇ ॥
ਇਹ ਜਗਤੁ ਭਰਮਿ ਭੁਲਾਇਆ, ਵਿਰਲਾ ਬੂਝੈ ਕੋਇ ॥੧॥੧॥ (ਪੰਨਾ ੫੫੮)
— ਮਨ ਕਾਮਨਾ ਤੀਰਥ ਦੇਹ ਛੁਟੈ ॥ ਗਰਬੁ ਗੁਮਾਨੁ ਨ ਮਨ ਤੇ ਹੁਟੈ ॥
ਸੋਚ ਕਰੈ ਦਿਨਸੁ ਅਰੁ ਰਾਤਿ ॥ ਮਨ ਕੀ ਮੈਲੁ ਨ ਤਨ ਤੇ ਜਾਤਿ ॥
ਜਲਿ ਧੋਵੈ ਬਹੁ ਦੇਹ ਅਨੀਤਿ ॥ ਸੁਧ ਕਹਾ ਹੋਇ ਕਾਚੀ ਭੀਤਿ ॥੩॥੩॥ (ਪੰਨਾ ੨੬੫)

ਸਤਿਗੁਰੂ ਦੀ ਬਾਣੀ ਨਿਰੂਪਣ ਕਰਦੀ ਹੈ ਕਿ ਤੀਰਥ ਕਿਤੇ ਬਾਹਰ ਨਹੀਂ, ਸਗੋਂ ਉਹ ਸਾਡੇ ਅੰਦਰ ਹੀ ਹੈ। ਨਉਨਿਧੀ ਅੰਮ੍ਰਿਤ ਨਾਮ ਇਸ ਦੇਹੀ ਵਿਚ ਹੀ ਹੈ, ਉਸ ਅੰਮ੍ਰਿਤ ਨਾਮ ਨੂੰ ਸਤਿਗੁਰੂ ਦੀ ਬਖਸ਼ਸ਼ ਪ੍ਰਾਪਤ ਕਰ ਕੇ ਉਜਾਗਰ ਕਰਨਾ ਹੈ। ਨਾਮ-ਸਿਮਰਨ ਨੂੰ ਅੰਤਰ ਆਤਮੇ ਵਸਾਉਣਾ ਹੀ ਤੀਰਥ-ਇਸ਼ਨਾਨ ਹੈ ਅਤੇ ਇਸ ਤੀਰਥ ਦੇ ਇਸ਼ਨਾਨ ਨਾਲ ਮਨ ਦੀ ਮੈਲ ਧੋਤੀ ਜਾਣੀ ਹੈ—

ਅੰਤਰਗਤਿ ਤੀਰਥਿ ਮਲਿ ਨਾਉ ॥੨੧॥ [ਜਪੁ ਜੀ

ਹਿਰਦੇ ਵਿਚ ਜੇ ਪ੍ਰਭੂ ਅਤੇ ਉਸ ਦੇ ਨਾਮ ਦਾ ਵਾਸਾ ਹੋ ਜਾਵੇ ਤਾਂ ਇਸੇ ਪਵਿਤਰ ਕਿਰਿਆ ਵਿਚ ਅਠਾਹਠ ਤੀਰਥਾਂ ਦੇ ਇਸ਼ਨਾਨ ਆ ਜਾਂਦੇ ਹਨ—

— ਅਠਸਠਿ ਤੀਰਥ ਗੁਰੂ ਦਿਖਾਏ, ਘਟ ਹੀ ਭੀਤਰਿ ਨਾਉਗੋ ॥੩॥੨॥ (ਪੰਨਾ ੬੭੩)

— ਅਠਸਠਿ ਤੀਰਥ ਤਿਸ ਸੰਗਿ ਰਹਹਿ, ਜਿਨ ਹਰਿ ਹਿਰਦੈ ਰਹਿਆ ਸਮਾਇ ॥੪॥੮॥ (੪੯੧)

ਪ੍ਰਭੂ-ਪ੍ਰੀਤਮ ਨੂੰ ਪ੍ਰਸੰਨ ਕਰਨ ਲਈ ਹੀ ਤੀਰਥਾਂ ਦੇ ਇਸ਼ਨਾਨ ਕਰਨੇ ਹਨ। ਜੇ ਅਸੀਂ ਪ੍ਰਭੂ ਨੂੰ ਰੀਝਾਅ ਲਈਏ, ਪ੍ਰਭੂ ਨੂੰ ਚੰਗੇ ਲਗ ਜਾਈਏ ਤਾਂ ਹੀ ਸਾਡਾ ਇਸ਼ਨਾਨ ਸਫਲਾ ਹੈ, ਨਹੀਂ ਤਾਂ ਕਿਸੇ ਲੇਖੇ ਨਹੀਂ, ਜਿਵੇਂ ਜਪੁਜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਸਾਨੂੰ ਤਾੜਨਾ ਕਰਦੇ ਹਨ—

ਤੀਰਥਿ ਨਾਵਾ ਜੇ ਤਿਸੁ ਭਾਵਾ, ਵਿਣੁ ਭਾਣੇ ਕਿ ਨਾਇ ਕਰੀ ॥੬॥

ਅਸੀਂ ਪ੍ਰਭੂ-ਪ੍ਰੀਤਮ ਨੂੰ ਤਦੇ ਹੀ ਭਾ ਸਕਦੇ ਹਨ ਜੇ ਉਸ ਦੇ 'ਏਕੋ ਨਾਮੁ ਹੁਕਮੁ ਹੈ' ਨੂੰ ਦ੍ਰਿੜ੍ਹ ਕਰੀਏ। ਨਾਮ ਜਪਣਾ ਹੀ ਸਭ ਤੋਂ ਵੱਡਾ ਤੀਰਥ ਹੈ। ਜਿਹਾ ਕਿ ਗੁਰਵਾਕ ਹਨ—

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥੧॥(੬੮੭)

ਅਤੇ—ਤੀਰਥੁ ਹਮਰਾ ਹਰਿ ਕੋ ਨਾਮੁ ॥ ਗੁਰਿ ਉਪਦੇਸਿਆ ਤਤੁ ਗਿਆਨੁ ॥੧॥ਰਹਾਉ॥੨੫॥ (੧੧੪੨)

ਫਿਰ ਇਉਂ ਵੀ ਕਿਹਾ ਹੈ—

ਤੀਰਥੁ ਪੂਰਾ ਸਤਿਗੁਰੂ, ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ ॥੨॥੫॥ (ਪੰਨਾ ੧੪੦)

ਗੁਰੂ-ਸਾਗਰ ਨਾਮ-ਰਤਨਾਂ ਨਾਲ ਭਰਪੂਰ ਹੈ। ਗੁਰਸਿਖ-ਹੰਸਾਂ ਨੇ ਇਸ ਸਾਗਰ ਤੋਂ ਨਾਮ-ਰਤਨਾਂ ਦੀ ਚੋਗ ਚੁਗ ਕੇ ਸਚੇ ਇਸ਼ਨਾਨ ਕਰਨੇ ਹਨ। ਬਸ, ਇਹੋ ਹੀ ਸਤਾਂ ਸਮੁੰਦਰਾਂ ਦਾ ਇਸ਼ਨਾਨ ਕਰਨਾ ਹੈ—

ਗੁਰੁ ਸਾਗਰੋ ਰਤਨਾਗਰੋ, ਤਿਤੁ ਰਤਨ ਘਣੇਰੇ ਰਾਮ ॥
ਕਰਿ ਮਜਨੋ ਸਪਤ ਸਾਰੇ, ਮਨ ਨਿਰਮਲ ਮੇਰੇ ਰਾਮ ॥...
ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ, ਸਾਚੇ ਗੁਰ ਗੋਪਾਲਾ ॥੩॥੨॥ (ਪੰਨਾ ੪੩੭)

ਰਸਨਾ ਨਾਲ ਵਾਹਿਗੁਰੂ ਨਾਮ ਨੂੰ ਸਿਮਰੇ, ਕੰਨਾਂ ਨਾਲ ਹਰਿ ਜਸ ਸੁਣੇ, ਹੱਥਾਂ ਨਾਲ ਹਰਿ ਜਸ ਨੂੰ ਪੂਰਨ ਪ੍ਰੇਮ-ਭਾਵਨੀ ਨਾਲ ਲਿਖੇ, ਇਹੋ ਹੀ ਸਹੀ ਅਰਥਾਂ ਵਿਚ ਅਠਾਹਠ ਤੀਰਥਾਂ ਦਾ ਇਸ਼ਨਾਨ ਹੈ ਅਥੇ ਇਸੇ ਵਿਚ ਹੀ ਸਭ ਪੁੰਨ ਦਾਨ ਤੇ ਪੂਜਾ ਪਾਠ ਹਨ—

ਰਸਨਾ ਉਚਰੈ ਹਰਿ ਸ੍ਰਵਣੀ ਸੁਣੈ, ਸੋ ਉਧਰੈ ਮਿਤਾ ॥
ਹਰਿ ਜਸੁ ਲਿਖਹਿ ਲਾਇ ਭਾਵਨੀ, ਸੇ ਹਸਤ ਪਵਿਤਾ ॥
ਅਠਸਠਿ ਤੀਰਥ ਮਜਨਾ, ਸਭਿ ਪੁੰਨ ਤਿਨਿ ਕਿਤਾ ॥੧੯॥ (ਪੰਨਾ ੩੨੨)

ਸਾਰ-ਸਿੱਟਾ ਇਹੋ ਹੈ ਕਿ ਮਾਘ ਮਹੀਨੇ ਦਾ ਇਸ਼ਨਾਨ ਇਹੋ ਹੈ ਕਿ ਗੁਰ-ਉਪਦੇਸ਼ ਨੂੰ ਕਮਾਇਆ ਜਾਵੇ, ਨਾਮ-ਅੰਮ੍ਰਿਤ-ਰਸ ਨੂੰ ਭੁੰਚਿਆ ਜਾਵੇ। ਸਤਿਗੁਰੂ ਸੰਤੋਖ ਸਰੂਪ ਸਰੋਵਰ ਸੱਚਾ ਤੀਰਥ ਹੈ, ਜਿਥੋਂ ਨਾਮ ਰਤਨ ਜਵਾਹਰ ਮਾਣਕ ਉਪਲਬਧ ਹਨ। ਜਿਹੜੇ ਗੁਰਸਿਖ ਸਤਿਗੁਰੂ-ਤੀਰਥ ਤੇ ਪੁਜ ਕੇ ਨਾਮ-ਰਤਨ ਨੂੰ ਸਿਮਰਦੇ ਹਨ, ਓਹੋ ਅਸਲ ਤੀਰਥ ਖੋਜ ਲੈਂਦੇ ਹਨ। ਸਤਿਗੁਰੂ-ਦੀਖਿਆ ਦੁਆਰਾ ਪ੍ਰਾਪਤ ਕੀਤਾ ਨਾਮ ਹੀ ਪੂਰਾ ਇਸ਼ਨਾਨ ਹੈ ਅਤੇ ਇਸੇ ਇਸ਼ਨਾਨ ਨਾਲ ਮਨ ਦੀ ਮੈਲ ਕਟੀ ਜਾਣੀ ਹੈ। ਗੁਰੂ ਨਾਨਕ ਦੇਵ ਜੀ ਦਾ ਪ੍ਰਭਾਤੀ ਰਾਗ ਵਿਚ ਫ਼ੁਰਮਾਨ ਹੈ— ਅੰਮ੍ਰਿਤੁ ਨੀਰ ਗਿਆਨਿ ਗੁਰ ਮਜਨੁ, ਅਠਸਠਿ ਤੀਰਥ ਸੰਗਿ ਰਹੇ ॥

ਗੁਰ ਉਪਦੇਸ ਜਵਾਹਰ ਮਾਣਕ, ਸੇਵੇ ਸਿਖੁ ਸੋ ਖੋਜਿ ਲਹੈ ॥੧॥
ਗੁਰ ਸਮਾਨਿ ਤੀਰਥੁ ਨਹੀ ਕੋਇ ॥ ਸਰੁ ਸੰਤੋਖੁ ਤਾਸੁ ਗੁਰੁ ਹੋਇ ॥੧॥ਰਹਾਉ॥
ਗੁਰੁ ਦਰੀਆਉ ਸਦਾ ਜਲੁ ਨਿਰਮਲੁ, ਮਿਲਿਆ ਦੁਰਮਤਿ ਮੈਲੁ ਹਰੈ ॥
ਸਤਿਗੁਰਿ ਪਾਇਐ ਪੂਰਾ ਨਾਵਣੁ, ਪਸੂ ਪਰੇਤਹੁ ਦੇਵ ਕਰੈ ॥੨॥੬॥ (ਪੰਨਾ ੧੩੨੮)


www.AKJ.Org

# ਸ੍ਰੀ ਦਸਮੇਸ਼ ਪੂਰਨੇ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਪ੍ਰਮਾਰਥ ਸੰਬੰਧੀ ਧਾਰਮਕ ਕੁਰਬਾਨੀ ਦੇ ਜੋ ਪੂਰਨੇ ਸ੍ਰੀ ਦਸਮੇਸ਼ ਗੁਰੂ ਪਾਤਸ਼ਾਹ ਨੇ ਪਾਏ ਹਨ, ਉਹ ਅੱਜ ਤਾਈਂ ਕਿਸੇ ਧਾਰਮਕ ਆਗੂ ਨੇ ਯਾ ਕਿਸੇ ਰੀਫਾਰਮਰ ਨੇ ਨਹੀਂ ਪਾਏ, ਨਾ ਪਾਉਣੇ ਹਨ।

(੧) **ਪਹਿਲਾ ਪੂਰਨਾ** ਸੱਚੀ ਅਤੇ ਸੁੱਚੀ ਨਿਰਭੈਤਾ ਦਾ ਹੈ। ਅੱਠ ਸਾਲ ਦੀ ਛੋਟੀ ਉਮਰ ਵਿਚ ਹੀ ਅਤਿ ਨਿਰਭੈ ਹੋ ਕੇ ਪਿਤਾ ਜੀ ਨੂੰ ਮਜ਼ਲੂਮਾਂ ਨਮਿਤ ਕੁਰਬਾਨੀ ਦੀ ਪ੍ਰੇਰਨਾ ਕਰਨੀ ਸੱਚੀ ਨਿਰਭੈਤਾ ਦੀ ਸਪਿਰਿਟ ਦਾ ਲਖਾਇਕ ਹੈ। ਪਿਤਾ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਹੋਨਹਾਰ ਗੁਰੂ ਗੋਬਿੰਦ ਸਿੰਘ ਜੀ ਅੰਦਰ ਨਿਰਭੈਤਾ ਵਾਲੀ ਸੱਚੀ ਸਪਿਰਿਟ ਦੇਖ ਕੇ ਮਜ਼ਲੂਮਾਂ ਨਮਿਤ ਨਿਸ਼ਕਾਮਤਾ ਸਹਿਤ ਕੁਰਬਾਨ ਹੋਣ ਦੀ ਠਾਣੀ ਤਾਂ ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਨਿਰਭੈਤਾ ਵਾਲੀ ਸਪਿਰਿਟ ਦੇਖ ਕੇ ਹੀ ਠਾਣੀ।

ਦੂਜੀ ਨਿਰਭੈਤਾ ਵਾਲੀ ਸਪਿਰਿਟ ਸ੍ਰੀ ਗੁਰੂ ਦਸਮੇਸ਼ ਜੀ ਨੇ ਗੁਰਤਾ ਦੀ ਗੱਦੀ ਸਾਂਭਣ ਸਾਰ ਹੀ ਦਿਖਾਈ। ਸੱਚੀ ਸੂਰਬੀਰਤਾ ਦੀ ਸਪਿਰਿਟ ਨਾ ਸਿਰਫ਼ ਆਪਣੇ ਅੰਦਰ ਹੀ ਭਰ ਕੇ ਦਰਸਾਈ, ਬਲਕਿ ਸਾਰੇ ਪੰਥ ਅੰਦਰ ਭੀ ਇਹੋ ਸਪਿਰਿਟ ਭਰੀ। ਅੰਤਰਿ ਆਤਮੇ ਨਾਮ ਦਾ ਖੰਡਾ ਬਦਸਤੂਰ ਖੜਕਾਉਣਾ ਅਤੇ ਖੜਕਾਉਂਦੇ ਹੋਏ, ਧਰਮ-ਯੁਧ ਹਿਤ ਖੜਗੇਸ਼ੀ ਖੰਡਾ ਖੜਕਾਉਣ ਦੀ ਇਸ ਬਿਧਿ ਪ੍ਰੇਰਨਾ ਕੀਤੀ। ਯਥਾ :–

ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮਹਿ ਜੁਧੁ ਬਿਚਾਰੈ ॥
ਦੇਹ ਅਨਿਤ ਨ ਨਿਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ ॥
ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉਂ ਉਜਿਆਰੈ ॥
ਗਿਆਨਹਿ ਕੀ ਬਢਨੀ ਮਨੋ ਹਾਥਿ ਲੈ ਕਾਤੁਰਤਾ ਕੁਤਵਾਰ ਬੁਹਾਰੈ ॥੨੪੯੨॥

ਦਸਮ ਗ੍ਰੰਥ, ਕ੍ਰਿਸ਼ਨਾ ਅਵਤਾਰ

ਹਾਂ ਜੀ! ਇਸ ਬਿਧਿ ਨਿਰਭੈਤਾ ਵਾਲੇ ਸੱਚੇ ਪ੍ਰਮਾਰਥੀ ਪੂਰਨਿਆਂ ਨੂੰ ਦਰਸਾਇ ਕੇ, ਸਾਰੇ ਪੰਥ ਨੂੰ ਉਭਾਰਿਆ ਵੰਗਾਰਿਆ। ਚਿਤ ਅੰਦਰਿ ਜੁੱਧ ਕਰਨ ਦਾ ਜੋਸ਼ ਚਿਤਾਰ ਕੇ ਭੀ ਮੁਖੋਂ ਨਾਮ ਦਾ ਸੱਚਾ ਖੜਗੇਸ਼ੀ ਖੰਡਾ ਭੀ ਨਾਲੋ ਨਾਲ ਖੜਕਾਈ ਜਾਣਾ ਲਾਜ਼ਮੀ ਹੈ। ਇਸ ਬਿਧਿ, ਕੇਵਲ ਏਸੇ ਬਿਧਿ ਹੀ ਸਫਲਤਾ ਹੋ ਸਕਦੀ ਹੈ।

"ਦੇਹ ਅਨਿਤ ਨ ਨਿਤ ਰਹੈ" ਦੀ ਸੱਚੀ ਸੂਰਮਤਾਈ ਦੀ ਜੰਗੀ ਸਪਿਰਿਟ, ਆਪਣੇ ਅਤਿ ਛੋਟੀ ਉਮਰ ਵਾਲੇ ਸਾਹਿਬਜ਼ਾਦਿਆਂ ਅੰਦਰ ਐਸੀ ਭਰੀ ਕਿ ਉਹ ਨਿਰਭੈ ਹੋ ਕੇ ਐਸੇ ਜੂਝੇ ਕਿ ਰੰਚਕ ਮਾਤਰ ਭੀ ਆਪਣੀ ਜ਼ਿੰਦਗੀ ਨਾਲ ਪਿਆਰ ਨਹੀਂ ਪਾਇਆ। ਅਮਲੀ ਤੌਰ 'ਤੇ ਇਹ ਮਿਸਾਲ ਕਾਇਮ ਕਰ ਕੇ ਦਿਖਾਈ ਕਿ ਬਪੜੀ ਚਾਰ-ਦਿਹਾੜੇ-ਰਹਿਣ-ਵਾਲੀ-ਦੇਹੀ ਦਾ ਰੰਚਕ ਖਿਆਲ ਨਾ ਰਖਦੇ, ਨਿਸ਼ਕਾਮਤਾ ਸਹਿਤ ਬਲੀਦਾਨ ਹੋਏ। ਜਨਮਨ ਸਾਰ ਹੀ ਸਾਹਿਬਜ਼ਾਦਿਆਂ ਦੇ ਦਿਲ ਦਿਮਾਗ਼ ਅੰਦਰ ਸੱਚੜੇ ਨਾਮ-ਅਭਿਆਸ ਦਾ ਮਾਦਾ ਐਸਾ ਕੁੱਟ ਕੁੱਟ ਕੇ ਭਰਿਆ ਕਿ ਜਿਸ ਦੇ ਤੁਫ਼ੈਲ ਮਰਨ ਦੀ ਚਿੰਤਾ ਤੇ ਜੀਵਨ ਦੀ ਲਾਲਸਾ ਹੀ ਬਿਨਸ ਗਈ। "ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ"* ਦੇ ਗੁਰਵਾਕ ਭਾਵ ਵਾਲੇ ਅਮਲੀ ਪੂਰਨੇ ਪਾ ਕੇ ਦਿਖਾਏ। ਸੱਚ ਮੁੱਚ ਇਹ ਅਮਲੀ ਪੂਰਨਿਆਂ ਵਾਲਾ ਸੱਚੜਾ ਰਸ ਹਿਰਦੇ ਅੰਦਰ ਵਸਿਆ ਰਸਿਆ ਹੋਵੇ, ਸੱਚੀ ਨਿਰਭੈਤਾ ਹੀ ਏਸੇ ਰਸ ਅੰਦਰ ਹੈ। ਜੋ ਏਸ ਰਸ ਤੋਂ ਸੂਨ ਹਨ, ਉਹ ਨਿਰੀ ਲੌਕਿਕ ਵਡਿਆਈ ਦੇ ਕਾਰਨ ਹੰਕਾਰੇ ਰਹਿੰਦੇ ਹਨ। ਕਿਸੇ ਲੇਖੇ ਵੀ ਨਹੀਂ ਪੈਂਦੇ ਤਿਨ੍ਹਾਂ ਦੇ ਅਮਲ (ਕਰਮ)। ਧਰਮ ਹੇਤ ਉਹ ਸੱਚੀ ਨਿਰਭੈਤਾ ਨਿਸ਼ਕਾਮਤਾ ਵਾਲੀ ਸਪਿਰਿਟ ਸਹਿਤ ਸੰਧੂਰਤ ਹੋ ਕੇ ਸੱਚੜਾ ਪ੍ਰਮਾਰਥੀ ਜਸ ਭੀ ਖੱਟਦੇ ਹਨ ਅਤੇ ਇਸ ਜੱਸ ਦੀ ਸੱਚੜੀ ਬੇੜੀ ਤੇ ਚੜ੍ਹ ਕੇ ਭਵ-ਸਾਗਰੋਂ ਭੀ ਪਾਰ ਪੈਂਦੇ ਹਨ। ਦੁਨਿਆਵੀ ਜਸ ਆਪੇ ਹੀ ਉਨ੍ਹਾਂ ਦੇ ਮਗਰ ਲਗਿਆ ਫਿਰਦਾ ਹੈ।

* ਸਿਰੀ ਰਾਗੁ ਮ: ੧, (੫॥੧੯॥) ਪੰਨਾ ੨੦)



www.AKJ.Org

ਸ੍ਰੀ ਦਸਮੇਸ਼ ਜੀ ਦੀ ਪਰਵੇਸ਼ ਕੀਤੀ ਹੋਈ ਬੁੱਧ-ਸਬੁੱਧੀ ਅੰਦਰਲੀ ਰੱਖੀ ਸਪਿਰਿਟ ਅਨੁਸਾਰ ਉਹ ਆਪਣੇ ਜੀਵਨ ਨੂੰ, ਤਨ ਨੂੰ ਸੱਚੀ ਧੀਰਜਤਾ (ਸਹਿਨਸ਼ੀਲਤਾ) ਦਾ ਧਾਮ ਬਣਾ ਲੈਂਦੇ ਹਨ। ਉਹਨਾਂ ਦੀ ਬੁੱਧੀ ਭੀ ਸੁਬੁੱਧੀ ਹੋ ਜਾਂਦੀ ਹੈ। ਨਾਮ ਨਾਲਿ ਲਟ ਲਟ ਕਰ ਕੇ ਜਗਦੀ ਪ੍ਰਮਾਰਥਕ ਰੌਸ਼ਨੀ ਤਿਨ੍ਹਾਂ ਜਿੰਦੜੀਆਂ ਅੰਦਰ ਸਾਵਧਾਨਤਾ ਸਹਿਤ ਉਜਾਰਤ ਹੁੰਦੀ ਹੈ, ਅਤੇ ਡੋਲਣੋਂ ਬਚਾਉਂਦੀ ਹੈ। ਉਹਨਾਂ ਦੇ ਅੰਦਰ ਸੱਚੜਾ ਗੁਰਮਤਿ ਗਿਆਨ ਪ੍ਰਕਾਸ਼ਤ ਹੁੰਦਾ ਹੈ। ਉਹ ਆਪਣੇ ਹੀ ਨਹੀਂ, ਸਗੋਂ ਸੰਸਾਰ ਭਰ ਦੇ ਦੁੱਖਾਂ ਨੂੰ ਕੱਟਣ ਦੇ ਸਮਰੱਥ ਹੋ ਜਾਂਦੇ ਹਨ। ਇਕ ਵੰਨਗੀ ਮਾਤਰ ਉਦਾਹਰਨ ਹੈ ਕਿ ਸ੍ਰੀ ਦਸਮੇਸ਼ ਜੀ ਨੇ ਨਿਰਭੈਤਾ ਵਾਲੀ ਸਪਿਰਿਟ ਪਰਵੇਸ਼ ਕਰ ਕੇ ਦਿਖਾਈ ਕਿ ਜਿਸ ਕਾਰਨ ਕਰਕੇ ਇਹ ਗੁਰਵਾਕ ਉਨ੍ਹਾਂ ਪਰਥਾਇ ਪੂਰਾ ਪੂਰਾ ਘਟਦਾ ਹੈ:

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥ [ਜਪੁਜੀ, ਸਲੋਕ, ਪੰਨਾ ੮

ਇਹ ਇਕ ਨਮੂਨੇ ਮਾਤਰ ਹੀ ਸ੍ਰੀ ਦਸਮੇਸ਼ ਜੀ ਦੀ ਪੂਰਨ ਨਿਰਭੈਤਾ ਵਾਲੀ ਸਪਿਰਿਟ ਦੀ ਅਜ਼ਮਤ ਨਿਰੂਪਣ ਹੈ। ਹੋਰ ਅਨੇਕ ਉਦਾਹਰਨਾਂ ਹਨ ਜਿਨ੍ਹਾਂ ਦੇ ਕਾਰਨ ਸ੍ਰੀ ਦਸਮੇਸ਼ ਜੀ ਦਾ ਪੂਰਨ ਜੀਵਨ ਹੀ ਏਸ ਪੂਰਨੇ ਨਾਲ ਭਰਿਆ ਪਿਆ ਹੈ। ਲੇਖ ਦੇ ਵਿਸਥਾਰ ਹੋਣ ਦੇ ਤੌਖਲੇ ਨਾਲ ਏਥੇ ਹੀ ਸਮਾਪਤ ਕੀਤਾ ਜਾਂਦਾ ਹੈ।

(੨) **ਦੂਜਾ ਪੂਰਨਾ** ਨਿਮਰਤਾ ਦਾ ਹੈ। ਸ੍ਰੀ ਦਸਮੇਸ਼ ਜੀ ਪਾਤਸ਼ਾਹ, ਗੁਰੂ ਪਾਤਸ਼ਾਹ **ਦਰਵੇਸ਼ ਜੀ** ਸਦਵਾਉਂਦੇ ਸਨ। ਜਿਸ ਤੋਂ ਸਿੱਧ ਹੈ ਕਿ ਏਹਨਾਂ ਅੰਦਰਿ ਇਸ ਨਿਮਰਤਾ ਵਾਲੇ ਪੂਰਨਿਆਂ ਵਾਲੀ ਸਪਿਰਿਟ ਨੱਕਾ-ਨੱਕ ਭਰੀ ਹੋਈ ਸੀ, ਜੈਸੇ ਕਿ ਪਹਿਲੇ ਦਰਸਾਇਆ ਗਿਆ ਹੈ।

(੩) **ਤੀਜਾ ਪੂਰਨਾ** ਜੋ ਸ੍ਰੀ ਦਸਮੇਸ਼ ਜੀ ਨੇ ਪਾਇਆ ਉਹ ਅਮਲੀ ਸਮਦਰਸਤਾ ਵਾਲਾ ਹੈ। ਜ਼ਾਲਮਾਂ ਤੇ ਮਜ਼ਲੂਮਾਂ ਨੂੰ ਇਕੋ ਸਮ-ਦ੍ਰਿਸ਼ਟਿ ਨਾਲ ਸ੍ਰੀ ਦਸਮੇਸ਼ ਪਿਤਾ ਜੀ ਨੇ ਜਾਂਚਿਆ। ਨਿਰਵੈਰਤਾ ਭੀ ਏਸੇ ਪੂਰਨੇ ਅੰਦਰਿ ਸਫਲੀ ਜਾਣਾਈ ਹੈ। ਸੱਚੇ ਪਾਤਸ਼ਾਹ ਸ੍ਰੀ ਗੁਰੂ ਦਸਮੇਸ਼ ਜੀ ਨੇ **ਕਿਸੇ ਜ਼ਾਤੀ ਨਾਲ ਵੈਰ ਨਹੀਂ ਕੀਤਾ।**

ਗੁਰੂ ਸੱਚੇ ਪਾਤਸ਼ਾਹ ਸ੍ਰੀ ਦਸਮੇਸ਼ ਜੀ ਦੀ ਦ੍ਰਿਸ਼ਟੀ ਅੰਦਰਿ ਜੈਸੇ ਮੁਸਲਮਾਨ ਸੀ ਵੈਸੇ ਹੀ ਹਿੰਦੂ। ਜ਼ਾਲਮ ਅਤੇ ਪ੍ਰਮਾਰਥੋਂ ਗੁਮਰਾਹ ਹੋਏ ਹੋਏ ਪਹਾੜੀਆਂ ਨਾਲਿ ਗੁਰੂ ਸਾਹਿਬ ਦਾ ਕੋਈ ਵੈਰ ਨਹੀਂ ਸੀ। ਜਦੋਂ ਪਹਾੜੀ ਰਾਜੇ ਪ੍ਰਮਾਰਥੋਂ ਗੁਮਰਾਹ ਹੋਏ ਤਾਂ ਸ੍ਰੀ ਦਸਮੇਸ਼ ਜੀ ਦੀ ਨਿਰਵੈਰ ਸਮ-ਦ੍ਰਿਸ਼ਟੀ ਅੰਦਰਿ ਉਹਨਾਂ ਹੀ ਪਹਾੜੀਆਂ ਦੀ ਸੋਧਨਾ ਇਸ ਪ੍ਰਕਾਰ ਪ੍ਰਗਟ ਹੋਈ। ਯਥਾ:—

ਮਨਮ ਕੁਸ਼ਤਾ ਅਮ ਕੋਹੀਆਂ ਬੁੱਤਪ੍ਰਸਤ॥ ਕਿ ਆਂ ਬੁੱਤ-ਪ੍ਰਸਤੰਦੋ, ਮਨ ਬੁਤ-ਸ਼ਿਕਸਤ॥*੯੩॥[ਜ਼ਫ਼ਰਨਾਮਾ

ਜਿਥੇ ਪ੍ਰਮਾਰਥ ਦੇ ਸੱਚੇ ਮਾਰਗ ਤੋਂ ਘੁੱਥਿਆਂ ਹਿੰਦੂਆਂ ਪਹਾੜੀਆਂ ਨਾਲ ਭੀ ਇਹ ਨਿਰਵੈਰ ਸਮ-ਦ੍ਰਿਸ਼ਟੀ ਦਿਖਾਈ ਓਥੇ ਤਿਨ੍ਹਾਂ ਨਾਲ ਨਿਰਵੈਰ ਸਮਦਰਸਤਾ ਭੀ ਵਰਤੀ। ਜਦੋਂ ਪਹਾੜੀਆਂ ਦੀ ਪਾਪਾਂ-ਗ੍ਰਸੀ ਬਿਰਤੀ ਉੱਕੀ ਹੀ ਪ੍ਰਮਾਰਥ ਤੋਂ ਸੁੰਨ ਹੋ ਗਈ, ਸਗੋਂ ਉਲਟੇ ਸਾਰੇ ਪਹਾੜੀ ਰਾਜੇ ਗੁਰੂ ਸਾਹਿਬ ਤੋਂ ਬੇਮੁਖ ਹੋ ਕੇ ਤੁਰਕਾਂ ਨਾਲ ਜਾ ਰਲੇ ਤਾਂ ਗੁਰੂ ਸਾਹਿਬ ਨੇ ਇਹ ਸਾਂਝਾ ਫ਼ਤਵਾ ਦਿੱਤਾ ਕਿ ਏਹਨਾਂ ਪਹਾੜੀਆਂ ਤੇ ਤੁਰਕਾਂ ਦਾ ਖ਼ਾਲਸਾ ਜੀ ਨੇ ਕਦੇ ਵਿਸਾਹ ਨਹੀਂ ਕਰਨਾ। ਵਾਸਤਵ ਵਿਚ ਗੁਰੂ ਸਾਹਿਬ ਸਭ ਦੀ ਭਲਾਈ ਲੋਚਦੇ ਸਨ। ਜਦੋਂ ਹਰ ਪ੍ਰਕਾਰ ਦੇ ਹੀਲੇ ਕੀਤਿਆਂ ਭੀ ਦੋਹਾਂ ਧਿਰਾਂ ਦੀ ਭਲਾਈ ਰਹਿ ਖੜੋਤੀ, ਤਦ ਗੁਰੂ ਸੱਚੇ ਪਾਤਸ਼ਾਹ ਨੇ ਏਹਨਾਂ ਦੋਹਾਂ ਦੀ ਸੁਧਾਈ ਹਿਤ ਕਮਰਕੱਸੇ ਕਰ ਲਏ। ਗੁਰੂ ਸਾਹਿਬ ਦੀ ਏਸ ਗੱਲੇ ਪੂਰੀ ਪੂਰੀ ਨਿਰਵੈਰਤਾ ਸਪੰਨ ਸਮਦਰਸਤਾ ਹੈ ਕਿ ਉਹਨਾਂ ਨੇ ਨਾ ਹੀ ਹਿੰਦੂਆਂ ਦਾ ਪਖਸ਼ ਪੂਰਿਆ, ਨਾ ਹੀ ਤੁਰਕਾਂ ਨਾਲ ਵੈਰ-ਭਾਵਨਾ ਕਮਾਈ, ਬਲਕਿ ਸੱਚੀ ਧਰਮੱਗ ਸਪਿਰਿਟ ਤੋਂ ਖ਼ਾਲੀ ਹੋਏ ਹੋਏ ਹਿੰਦੂਆਂ ਤੇ ਤੁਰਕਾਂ ਨੂੰ ਇਕ-ਸਾਰ ਹੀ ਸੋਧਿਆ। ਦੋਈ ਪ੍ਰਮਾਰਥ ਦੇ ਵੈਰੀ ਸਨ ਅਤੇ ਦੋਨੋਂ ਹੀ ਧਰਮ-ਉਪਕਾਰਤਾ ਵਾਲੀ ਸੱਚਾਈ ਤੋਂ ਦੁਰੇਡੇ ਹੋ ਗਏ ਸਨ। ਇਸ ਕਰਕੇ ਗੁਰੂ ਸੱਚੇ ਪਾਤਸ਼ਾਹ ਸ੍ਰੀ ਦਸਮੇਸ਼ ਜੀ ਨੇ ਦੋਹਾਂ ਨੂੰ ਹੀ ਸਿੱਧੇ ਰਸਤੇ ਪਾਉਣ ਵਾਲੀ

---

*ਮੈਂ ਬੁੱਤ-ਪੂਜ ਪਹਾੜੀਆਂ ਦਾ ਨਾਸ਼ ਕਰਨ ਵਾਲਾ ਹਾਂ, ਕਿਉਂਕਿ ਉਹ ਬੁੱਤ ਪ੍ਰਸਤ ਹਨ ਤੇ ਮੈਂ ਬੁੱਤ ਤੋੜਨ ਵਾਲਾ।



www.AKJ.Org

ਸੱਚੀ ਸਮਦ੍ਰਿਸ਼ਟੀ ਵਰਤੀ। ਹਿੰਦੂ ਮੁਸਲਮਾਨ ਵਾਲੀ ਕਾਣ-ਕਨੌਡ ਕਿਸੇ ਦੀ ਨਹੀਂ ਰੱਖੀ।

ਆਮ ਨੇਤਾਵਾਂ ਦਾ ਇਹ ਖ਼ਿਆਲ ਉੱਕਾ ਹੀ ਗਲਤ ਹੈ ਕਿ ਗੁਰੂ ਸਾਹਿਬ ਸ੍ਰੀ ਦਸਮੇਸ਼ ਜੀ ਕੇਵਲ ਤੁਰਕਾਂ ਦੇ ਹੀ ਵੈਰੀ ਸਨ। ਹਰਗਿਜ਼ ਨਹੀਂ, ਗੁਰੂ ਸਾਹਿਬ ਤਾਂ ਪਾਪ ਅਤੇ ਜ਼ੁਲਮ ਦੇ ਵਿਰੋਧੀ ਸਨ। ਜ਼ਾਤ ਪਾਤ ਕਰਕੇ ਕਿਸੇ ਨਾਲ ਵੈਰ-ਵਿਰੋਧ ਨਹੀਂ ਕਮਾਇਆ। ਸਭਨਾਂ ਨੂੰ ਹੀ ਸਿੱਧੇ ਰਸਤੇ ਲਿਆਵਣ ਦੇ ਅਭਿਲਾਖੀ ਸਨ। ਸਭਨਾਂ ਕਪੁੱਠੇ ਮਾਰਗ ਪਏ ਹੋਇਆਂ ਬੰਦਿਆਂ ਦੇ ਸੋਧਕ ਸਨ। ਸੋਈ ਸਮਤੀ ਗੁਰੂ ਦਸਮੇਸ਼ ਜੀ ਨੇ ਆਪਣੇ ਸਾਜੇ ਨਿਵਾਜੇ ਖਾਲਸਾ ਜੀ ਨੂੰ ਨਦਰੀ ਨਦਰ ਨਿਹਾਲ ਹੋ ਕੇ ਬਖ਼ਸ਼ੀ ਕਿ ਕਿਸੇ ਇਕ ਜ਼ਾਤ ਕੌਮ ਦਾ ਘਾਤ ਨਹੀਂ ਕਰਨਾ, ਪਰੰਤੂ ਪਾਪਿਸ਼ਟ ਕਰਮੀ ਭਾਵੇਂ ਕੋਈ ਜ਼ਾਤੀ ਅਤੇ ਕੋਈ ਫ਼ਿਰਕਾ ਹੋਵੇ, ਦੋਹਾਂ ਨੂੰ ਸੁਮੱਤੇ ਲਾਉਣਾ ਹੈ। ਜੇ ਪਹਾੜੀ ਰਾਜਿਆਂ ਵਤ ਅੱਜ ਕੱਲ ਦੇ ਹਿੰਦੂ-ਡੰਮੀਏ ਭੀ ਸੱਚੇ ਪ੍ਰਮਾਰਥ ਅਤੇ ਸੱਚੇ ਧਰਮ ਮਾਰਗ ਤੋਂ ਬੇਮੁਖ ਹੋ ਜਾਣ ਤਾਂ ਤਿਨ੍ਹਾਂ ਨੂੰ ਗਏ-ਗੁਜ਼ਰੇ ਹਿੰਦੂ ਪਹਾੜੀਆਂ ਸਮਾਨ ਹੀ ਸਮਝਣਾ ਹੈ। ਉਹਨਾਂ ਦੀ ਨਿਰੇ ਹਿੰਦੂ ਹੋਣ ਕਰਕੇ ਕੋਈ ਰੱਛਿਆ ਰਿਆਇਤ ਨਹੀਂ ਕਰਨੀ। ਗੁਰੂ ਦਸਮੇਸ਼ ਜੀ ਨੇ ਸੱਚੀ ਸਮਦਰਸਤਾ ਦਾ ਸੱਚਾ ਸਬਕ ਅਮਲੀ ਤੌਰ ਤੇ ਖ਼ਾਲਸਾ ਪੰਥ ਨੂੰ ਸਿਖਾਇਆ। ਜਿਸ ਪ੍ਰਕਾਰ ਸ੍ਰੀ ਦਸਮੇਸ਼ ਜੀ ਨੇ ਹਿੰਦੂ ਤੁਰਕ ਵਾਲੀ ਕਾਣ-ਕਨੌਡ ਮਿਟਾ ਦੇਣ ਦੇ ਸੱਚੇ ਪੂਰਨੇ ਪਾ ਕੇ ਦਿਖਾਏ, ਓਹਨਾਂ ਹੀ ਪੂਰਨਿਆਂ ਉਤੇ ਗੁਰੂ ਦਸਮੇਸ਼ ਜੀ ਦਾ ਸਾਜਿਆ ਨਿਵਾਜਿਆ ਖ਼ਾਲਸਾ ਪੰਥ ਤਤਪਰ ਹੈ, ਤੇ ਸਦਾ ਤਤਪਰ ਰਹੇਗਾ। ਜਦੋਂ ਦਸਮੇਸ਼ ਜੀ ਨੇ ਪੇਖ ਪਰਖ ਕੇ ਦੋਹਾਂ ਹੀ ਮੱਤਾਂ ਦੀ ਕਪਟ-ਕੁਕਰਮਤਾ ਭਲੀ ਬਿਧਿ ਜਾਂਚ ਲਈ ਤਦੋਂ ਹੀ ਦੋਹਾਂ ਨੂੰ ਸੋਧਣ ਲਈ ਖ਼ਾਲਸਾ ਪੰਥ ਦੀ ਸਾਜਨਾ ਕੀਤੀ। ਯਥਾ ਸ੍ਰੀ ਦਸਮੇਸ਼ ਵਾਕ :—

ਦੁਹੂੰ ਪੰਥ ਮੈ ਕਪਟ ਵਿਦਯਾ ਚਲਾਨੀ ॥ ਬਹੁਰ ਤੀਸਰੋ ਪੰਥ ਕੀਨੋ ਪਰਧਾਨੀ ॥

ਦਸਮ ਗ੍ਰੰਥ, ਉਗ੍ਰਦੰਤੀ, ਛਕਾ ੫, ਤੁਕ ੧੩

ਸ੍ਰੀ ਦਸਮੇਸ਼ ਜੀ ਨੇ ਖ਼ਾਲਸਾ ਜੀ ਨੂੰ ਸਭ ਤੋਂ ਨਿਆਰਾ ਰਖਿਆ ਅਤੇ ਹੁਕਮ ਬਖਸ਼ਿਆ :—

ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਓ ਮੈਂ ਸਾਰਾ ॥<br>ਜਬ ਇਹ ਗਹੈ ਬਿਪਰਨ ਕੀ ਰੀਤ ॥ ਮੈਂ ਨ ਕਰੋਂ ਇਨ ਕੀ ਪ੍ਰਤੀਤ ॥ [ਸਰਬ ਲੋਹ ਗ੍ਰੰਥ

ਇਸ ਬਿਧਿ ਸ੍ਰੀ ਦਸਮੇਸ਼ ਜੀ ਨੇ ਸੱਚੀ ਸਮਦਰਸਤਾ ਦਾ ਪੂਰਨਾ ਪਾ ਕੇ ਦਿਖਾਇਆ।

(੪) **ਚੌਥਾ ਪੂਰਨਾ** :—ਸਭ ਤੋਂ ਸ੍ਰੇਸ਼ਟ ਪੂਰਨਾ ਸ੍ਰੀ ਦਸਮੇਸ਼ ਜੀ ਨੇ ਗੁਰਮਤਿ ਸੱਚਾਈ ਦਾ ਕੌਲ-ਔਂ-ਫ਼ੇਅਲ (ਕਹਿਣੀ ਅਤੇ ਕਰਨੀ) ਦਾ ਪਾਇਆ, ਜੋ ਅੱਜ ਤਾਈਂ ਕਿਸੇ ਧਾਰਮਕ ਆਗੂ ਅਤੇ ਰੀਫ਼ਾਰਮਰ ਨੇ ਨਹੀਂ ਪਾਇਆ। ਸ੍ਰੀ ਗੁਰੂ ਦਸਮੇਸ਼ ਜੀ ਨੇ ਨਿਧੜਕ ਹੋ ਕੇ ਗੁਰਮਤਿ ਤਤ ਸੱਤ ਦਾ ਨਿਰਣਾ ਪੂਰਨ ਸੱਚਾਈ ਦੇ ਪੂਰਨੇ ਅਨੁਸਾਰ ਪਾ ਕੇ ਦਿਖਾਇਆ। ਸਪੱਸ਼ਟ ਤੌਰ ਤੇ ਪਹਿਲਾਂ ਇਹ ਸੱਚਾਈ ਦਰਸਾਈ :—

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ॥੯॥੨੯॥ ਤ੍ਵਪ੍ਰਸਾਦਿ ਸਵਯੇ

ਏਸ ਵਿਚ ਰੰਚਕ ਸੰਦੇਹ ਨਹੀਂ ਕਿ ਸ੍ਰੀ ਗੁਰੂ ਦਸਮੇਸ਼ ਜੀ ਦਾ ਆਦਰਸ਼ ਨਾਮ-ਭਿੰਨੜਾ ਪ੍ਰੇਮ ਹੈ। ਯਥਾ ਗੁਰਵਾਕ :—

ਪ੍ਰੇਮ ਪਦਾਰਥੁ ਨਾਮੁ ਹੈ ਭਾਈ ॥੧॥ [ਸੋਰਠਿ ਮ: ੫ ਅਸਟ:, ਪੰਨਾ ੬੪੦)

ਗੁਰੂ ਦਸਮੇਸ਼ ਜੀ ਨੇ ਪ੍ਰੇਮ ਦੀ ਏਸ ਸੱਚਾਈ ਨੂੰ ਸਭ ਤੋਂ ਸ੍ਰੇਸ਼ਟ ਪੂਰਨਾ ਪਾ ਕੇ ਸਿੱਧ ਕੀਤਾ ਕਿ ਗੁਰਮਤਿ ਅੰਦਰਿ ਨਾਮ-ਭਿੰਨੜੇ-ਪ੍ਰੇਮ ਤੋਂ ਬਿਨਾਂ ਸੁਸ਼ਕ ਪ੍ਰੇਮ ਕੋਈ ਅਰਥ ਹੀ ਨਹੀਂ ਰਖਦਾ। ਇਸ ਪ੍ਰੇਮ-ਮਈ-ਸੱਚਾਈ ਨੂੰ ਸ੍ਰੀ ਦਸਮੇਸ਼ ਜੀ ਨੇ ਸਪੱਸ਼ਟ ਤੌਰ ਤੇ ਦਰਸਾਇਆ ਅਤੇ ਦਰਸਾ ਕੇ ਸਿੱਧ ਕੀਤਾ ਕਿ ਵਾਹਿਗੁਰੂ ਨੂੰ ਪਾਉਣ ਦਾ ਇਕੋ ਇਕ ਵਸੀਲਾ ਨਾਮ ਭਿੰਨੜਾ-ਪ੍ਰੇਮ ਹੀ ਹੈ। ਇਸ ਪੂਰਨੇ ਨੂੰ ਸਪੱਸ਼ਟ ਤੌਰ ਤੇ ਦਰਸਾ ਕੇ ਸਿੱਧ ਕਰਨ ਲਈ ਸ੍ਰੀ ਦਸਮੇਸ਼ ਜੀ ਨੇ ਇਹ ਗੱਲ ਭਲੀ ਪ੍ਰਕਾਰ ਨਿਰੂਪਣ ਕਰ ਦਿੱਤੀ ਕਿ ਹੋਰਨਾਂ ਮਤ-ਮਤਾਂਤ੍ਰਾਂ ਅੰਦਰਿ ਜੋ ਪੂਰਨੇ ਵਾਹਿਗੁਰੂ ਨੂੰ ਪਾਉਣ ਦੇ ਇਸ ਪ੍ਰੇਮ ਤੋਂ ਸੱਖਣੇ ਹਨ, ਸਭ ਨਿਸਫਲ ਹਨ। ਜੈਸਾ ਕਿ ਸ੍ਰੀ



www.AKJ.Org

ਮੁਖਵਾਕ ਦੁਆਰਾ ਇਸ ਬਿਧਿ ਨਿਰਣਾ ਹੈ :—

ਪ੍ਰੀਤਿ ਕਰੇ ਪ੍ਰਭੁ ਪਾਈਅਤ ਹੈ ਕ੍ਰਿਪਾਲ ਨ ਭੀਜਤ ਲਾਂਡ ਕਟਾਏ ॥੧੦੦॥ [ਅਧਿਆਇ ੧

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬਾਣੀ ਅਨੁਸਾਰ ਏਥੇ ਇਸ ਮਹਾਂਵਾਕ ਦੁਆਰਾ ਆਨ-ਮੱਤੀਆਂ, ਖ਼ਾਸ ਕਰ ਤੁਰਕਾਂ ਦੀ ਸ਼ੁਸ਼ਕ ਸੁੰਨਤ ਕ੍ਰਿਆ ਵਲ ਸਪੱਸ਼ਟ ਇਸ਼ਾਰਾ ਹੈ ਅਤੇ ਏਸ ਇਸ਼ਾਰੇ ਨੂੰ ਸਪੱਸ਼ਟਤਾਈ ਸਹਿਤ ਦਰਸਾਉਣ ਦਾ ਸੱਚਾ ਪੂਰਨਾ ਸ੍ਰੀ ਦਸਮੇਸ਼ ਜੀ ਨੇ ਪਾਇਆ ਹੈ :—

ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤਿ ਕਾ ਕਿਆ ਕਰੀਐ ॥ . ੩॥੮॥ (ਪੰਨਾ ੪੭੭)

ਵਾਲੇ ਗੁਰਵਾਕ ਦਾ ਇੰਨ ਬਿੰਨ ਅਨਵਾਦ ਕਰ ਵਿਖਾਇਆ ਹੈ। ਪ੍ਰੰਤੂ ਬਿਨਾਂ ਕਿਸੇ ਰੋ-ਰਿਆਇਤ ਅਤੇ ਝਕ-ਝੇਪ ਦੇ ਤੱਤ-ਸੱਚਾਈ ਦਾ ਪੂਰਨਾ ਪਾ ਕੇ ਸਪੱਸ਼ਟ ਕੀਤਾ ਹੈ ਕਿ ਸੱਚੇ ਗੁਰਮਤਿ ਪ੍ਰਮਾਰਥੀ ਪ੍ਰੇਮ-ਬਿਹੂਨ ਹੋਰ ਸਭ ਕ੍ਰਿਆ, ਆਨਮਤੀਆਂ ਦੀ ਸੁੰਨਤ ਆਦਿ ਸਭ ਬਿਰਥੀ ਹੈ। ਏਸ ਦੁਆਰਾ ਪਰਮਾਤਮਾ ਪਾਇਆ ਹੀ ਨਹੀਂ ਜਾ ਸਕਦਾ। ਪਾਇਆ ਜਾ ਸਕਦਾ ਹੈ ਤਾਂ ਕੇਵਲ ਗੁਰਮਤਿ ਨਾਮ-ਭਿੰਨੜੇ-ਪ੍ਰੇਮ ਦੁਆਰਾ ਹੀ ਪਾਇਆ ਜਾ ਸਕਦਾ ਹੈ। ਇਹ ਸੱਚਾਈ ਚਾਹੇ ਕਿਸੇ ਅਨਮਤੀ ਪੁਰਸ਼ ਨੂੰ ਕੌੜੀ ਹੀ ਲੱਗੇ, ਪ੍ਰੰਤੂ ਸ੍ਰੀ ਦਸਮੇਸ਼ ਜੀ ਨੇ ਇਸ ਸਾਰ-ਸੱਚਾਈ ਵਾਲੇ ਪੂਰਨੇ ਨੂੰ ਸਪੱਸ਼ਟ ਤੌਰ ਤੇ ਪਾ ਹੀ ਦਿੱਤਾ। ਬਚਿੱਤ੍ਰ ਨਾਟਕ ਅੰਦਰਿ ਜਿਸ ਸਾਰ-ਸੱਚਾਈ ਨੂੰ ਨਿਰੂਪਣ ਕਰ ਕੇ ਸ੍ਰੀ ਦਸਮੇਸ਼ ਜੀ ਨੇ ਇਸ ਨੂੰ ਖ਼ਾਸ ਦਰਸਾਉਣ ਦਾ ਪੂਰਨਾ ਪਾਇਆ ਹੈ, ਉਹ ਕਿਸੇ ਤੋਂ ਵੀ ਨਹੀਂ ਪੈਂਦਾ। ਇਹ ਸ੍ਰੀ ਦਸਮੇਸ਼ ਜੀ ਨੂੰ ਸਮਰੱਥਾ ਹੈ ਕਿ ਇਸ ਗੁਰਮਤਿ ਤੱਤ-ਸੱਚਾਈ ਨੂੰ ਹੀ ਸਪੱਸ਼ਟ ਤੌਰ ਤੇ ਦਰਸਾ ਕੇ ਸਿੱਧ ਕੀਤਾ ਜਾਏ ਕਿ ਨਾਮ-ਭਿੰਨੜੇ-ਪ੍ਰੇਮ ਬਿਨਾਂ ਸਾਰੇ ਕਰਮ ਧਰਮ ਨਿਸਫਲ ਹਨ। ਇਸ ਸੱਚਾਈ ਨੂੰ ਮੁਖ ਰਖ ਕੇ ਸ੍ਰੀ ਦਸਮੇਸ਼ ਜੀ ਨੇ ਸਮੱਗਰ ਆਨਮੱਤ ਨੇਤਾਵਾਂ ਦਾ ਪੋਲ ਖੋਲ੍ਹ ਕੇ ਸਪੱਸ਼ਟ ਕਰ ਦਿੱਤਾ ਹੈ ਕਿ ਨਾਮ-ਭਿੰਨੜਾ-ਪ੍ਰੇਮ ਸਿਵਾਏ ਗੁਰਮਤਿ ਦੇ ਕਿਸੇ ਵੀ ਅਨ-ਮੱਤ ਅੰਦਰਿ ਅਤੇ ਅਨ-ਮੱਤ ਨੇਤਾ ਦੇ ਕਿਸੇ ਵੀ ਮਿਸ਼ਨ ਅੰਦਰ ਨਹੀਂ ਪਾਇਆ ਜਾਂਦਾ। ਇਹ ਵਡਿਆਈ, ਇਸ ਤੱਤ ਸੱਚ ਸੱਚਿਆਈ ਨੂੰ ਇੰਨ ਬਿੰਨ ਪ੍ਰਗਟਾਉਣ ਲਈ, ਅਕਾਲ ਪੁਰਖ ਨੇ ਕੇਵਲ ਸ੍ਰੀ ਦਸਮੇਸ਼ ਜੀ ਨੂੰ ਬਖ਼ਸ਼ੀ।

ਇਤਨੇ ਪੂਰਨਿਆਂ ਦਾ ਮਾਲਕ ਹੁੰਦਾ ਹੋਇਆ ਭੀ ਸਾਡਾ ਸ੍ਰੀ ਦਸਮੇਸ਼ ਪਿਤਾ ਸ੍ਵਾਸ ਸ੍ਵਾਸ ਨਾਮ ਅਭਿਆਸ ਦੇ ਰੰਗਾਂ ਵਿਚ ਜੁੱਧਾਂ-ਜੰਗਾਂ ਵਿਚ ਅਹਿਨਿਸ ਰੱਤੜਾ ਹੀ ਰਹਿੰਦਾ ਹੈ। ਹੋਰ ਸਭ ਪੂਰਨੇ ਏਸ ਸੱਚਾਈ ਦੀ ਰੋਸ਼ਨੀ ਵਿਚ, ਸਮੱਗਰ ਤੌਰ ਤੇ ਆਏ ਸਪੱਸ਼ਟਾਏ ਗਿਣੇ ਜਾਂਦੇ ਹਨ। ["ਗੁਰਮਤਿ ਪ੍ਰਕਾਸ਼" ਪੁਸਤਕ ਵਿਚੋਂ

---

[੧੩ ਸਫ਼ੇ ਦੀ ਬਾਕੀ]

ਅਹਿਮਕਾਨਾ ਹਮਾਕਤ ਹੈ। ਸੁਣਨਹਾਰੀ ਆਮ ਲੁਕਾਈ ਨੂੰ ਕਥਾ ਸੁਣਨ ਦਾ ਐਸਾ ਚਸਕਾ ਪਿਆ ਹੋਇਆ ਹੈ ਕਿ ਓਹ ਕਥੋਗੜੀ ਕਹਾਣੀਆਂ ਸੁਣ ਸੁਣ ਕੇ ਹੀ ਸਿਰ ਹਿਲਾਈ ਜਾਂਦੇ ਹਨ। ਜੈਸੇ ਕਥਾ ਕਰਣਹਾਰੇ ਤੇਹੋ ਜਿਹੇ ਹੀ ਕਥਾ ਸੁਣਨਹਾਰੇ।......

ਜਿਨਿ ਚਾਖਿਆ ਸੇਈ ਸਾਦੁ ਜਾਣਨਿ ਜਿਉ ਗੁੰਗੇ ਮਿਠਿਆਈ ॥
ਅਕਥੈ ਕਾ ਕਿਆ ਕਥੀਐ ਭਾਈ ਚਾਲਉ ਸਦਾ ਰਜਾਈ ॥੬॥੧॥

ਸੋਰਠਿ ਮਹਲਾ ੧, ਪੰਨਾ ੬੩੫

ਜਿਨ੍ਹਾਂ ਨੇ ਇਸ ਅਕੱਥ ਕਥਾ (ਗੁਰਬਾਣੀ) ਦਾ ਰਸ ਚਖਿਆ ਹੈ ਅਤੇ ਮਾਣਿਆ ਹੈ, ਤਿਨ੍ਹਾਂ ਨੂੰ ਹੀ ਇਸ ਅਕੱਥ ਕਥਾ ਦੀ ਸਾਰ ਹੈ। ਉਹ ਜਿਉਂ ਜਿਉਂ ਨਿਰੋਲ ਪਾਠ ਕਰਿ ਕਰਿ, ਨਿਰਬਾਣ ਅਖੰਡ ਕੀਰਤਨ ਕਰਿ ਕਰਿ ਰਸ ਮਾਣਦੇ ਹਨ, ਤਿਉਂ ਤਿਉਂ ਇਸੇ ਰਸ ਸੁਆਦ ਵਿਚਿ ਗੜੂੰਦ ਹੁੰਦੇ ਜਾਂਦੇ ਹਨ। ਜਿਉਂ ਜਿਉਂ ਉਹ ਨਿਰਬਾਣ ਅਕੱਥ ਕਥਾ ਕਰਦੇ ਹਨ, ਤਿਉਂ ਤਿਉਂ ਹੋਰ ਨਿਰਬਾਣ ਕਥਾ ਕੀਰਤਨ, ਨਿਰੋਲ ਗੁਰਬਾਣੀ ਪਾਠ, ਨਿਰੇ ਪਾਠ ਵਿਚਿ ਹੀ ਮਸਤ ਅਲ-ਮਸਤ ਹੁੰਦੇ ਜਾਂਦੇ ਹਨ। ਸਰਬੱਗੀ ਅਕੱਥ ਕਥਾ ਨੂੰ ਅਭਪਗ ਕਥਨੀ ਬਦਨੀ ਦੁਆਰਾ ਕੀ ਕਥਨਾ ਹੈ? ਨਾ ਕਥਨਾ ਹੀ ਭਲਾ ਹੈ। [ਪੁਸਤਕ "ਕਥਾ ਕੀਰਤਨ" ਵਿਚੋਂ


www.AKJ.Org

# ਕਥਾ ਕੀਰਤਨ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਗੁਰਮਤਿ ਅੰਦਰਿ ਗੁਰਬਾਣੀ ਦਾ ਪੜ੍ਹਨਾ ਗੁਣਨਾ, ਨਾਮੁ ਰਟਨਾ ਹੀ ਹਰਿ-ਕਥਾ ਯਾ ਅਕੱਥ ਕਥਾ ਹੈ। ਗੁਰਬਾਣੀ ਦਾ ਗਾਵਣਾ (ਕੀਰਤਨ ਕਰਨਾ) ਅਤਿ ਉੱਤਮ ਸ੍ਰੇਸ਼ਟ ਕਥਾ ਹੈ। ਏਸੇ ਕਥਾ ਦਾ ਵਿਧਾਨ ਗੁਰਮਤਿ ਅੰਦਰਿ ਹੈ। ਗੁਰਬਾਣੀ ਦੀ ਅਰਥਾਬੰਦੀ ਕੋਈ ਕਥਾ ਨਹੀਂ। ਮੱਗਰ ਗੁਰਬਾਣੀ ਅੰਦਰਿ ਜਿਤਨੇ ਭੀ ਗੁਰ ਪ੍ਰਮਾਣ ਮਿਲਦੇ ਹਨ, ਓਹ ਉਪਰਿ ਦਸੀ ਵਿਲੱਖਣ 'ਹਰਿ ਕਥਾ', 'ਅਕਥ ਕਥਾ' ਨੂੰ ਹੀ ਦ੍ਰਿੜ੍ਹਾਉਂਦੇ ਹਨ। ਯਥਾ ਗੁਰ ਪ੍ਰਮਾਣ ਅਰੰਭਿਅਤੇ :—

ਆਇਓ ਸੁਨਨ ਪੜਨ ਕਉ ਬਾਣੀ ॥
ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ ॥੧॥ਰਹਾਉ॥
ਸਮਝੁ ਅਚੇਤ ਚੇਤਿ ਮਨ ਮੇਰੇ ਕਥੀ ਸੰਤਨ ਅਕਥ ਕਹਾਣੀ ॥ . ੧॥੭੯॥

ਸਾਰੰਗ ਮਹਲਾ ੫, ਪੰਨਾ ੧੨੧੯

ਇਸ ਗੁਰ ਪ੍ਰਮਾਣ ਤੋਂ ਸਾਫ਼ ਸਪੱਸ਼ਟ ਹੈ ਕਿ ਗੁਰਬਾਣੀ ਦਾ ਸੁਣਨਾ ਪੜ੍ਹਨਾ ਅਤੇ ਨਾਮ ਜਪੀ ਜਾਣਾ ਹੀ ਅਕੱਥ ਕਹਾਣੀ ਰੂਪੀ ਹਰਿ ਕਥਾ ਹੈ। ਸੰਤਾਂ ਗੁਰਾਂ ਦੀ ਕਥੀ ਹੋਈ ਹਰਿ ਕਥਾ ਅਕੱਥ ਕਹਾਣੀ ਨੂੰ ਹੀ ਕਥੀ ਜਾ, ਹੇ ਮਨ ਮੇਰਿਆ, ਤੇ ਰਟੀ ਜਾ। ਏਸੇ ਸਰਬੋਤਮ ਕੰਮ ਲਈ ਹੀ ਤੂੰ ਆਇਆ ਹੈਂ। ਨਹੀਂ ਤਾਂ ਜਨਮ ਹੀ ਬਿਰਥਾ ਹੈ। ਧੁਰੋਂ ਲਿਆਂਦੀ ਹੋਈ ਗੁਰਬਾਣੀ ਹੀ ਅਕੱਥ ਕਹਾਣੀ ਹੈ ਗੁਰਾਂ ਦੀ।

ਮਨ ਬਚ ਕ੍ਰਮ ਅਰਾਧੈ ਹਰਿ ਹਰਿ ਸਾਧ ਸੰਗਿ ਸੁਖੁ ਪਾਇਆ ॥
ਅਨਦ ਬਿਨੋਦ ਅਕਥ ਕਥਾ ਰਸੁ ਸਾਚੈ ਸਹਜਿ ਸਮਾਇਆ ॥੧॥੮੨॥

ਸਾਰੰਗ ਮਹਲਾ ੫, ਪੰਨਾ ੧੨੨੦

ਇਸ ਗੁਰਵਾਕ ਤੋਂ ਸਾਫ਼ ਸਿਧ ਹੈ ਕਿ ਗੁਰੂ ਘਰ ਦੀ ਸਾਧਸੰਗ-ਮਈ ਸੰਗਤਿ ਵਿਚ ਰਲ ਕੇ ਹਰਿ ਹਰਿ ਨਾਮੁ ਮਨ ਬਚ ਕਰਮ ਕਰਕੇ ਅਰਾਧੀ ਜਾਣਾ ਹੀ ਅਕੱਥ ਕਥਾ ਰੂਪੀ ਅਨਦ ਬਿਨੋਦੀ ਸਚਾ ਰਸ ਮਈ ਸੁਖ ਪਾਉਣਾ ਹੈ। ਗੁਰਬਾਣੀ ਅੰਦਰ 'ਹਰਿ ਹਰਿ' ਪਦ ਦੋ ਵਾਰ ਆਉਣਾ ਇਸ ਗੱਲ ਦਾ ਬੋਧਕ ਹੈ ਕਿ ਬਸ ਗੁਰਮਤਿ ਨਾਮ (ਵਾਹਿਗੁਰੂ) ਦੇ ਆਰਾਧਨ (ਜਪਣ) ਦਾ ਤੋਰਾ ਤੁਰਿਆ ਹੀ ਰਹੇ। ਹੋਰ ਇਸ ਤੋਂ ਭਾਵ ਏਸ ਪਦ ਮਈ 'ਹਰਿ' ਨਾਮ ਦਾ ਨਹੀਂ। ਬਸ, ਸਰਧਾ ਭਾਵਨੀ ਸੇਤੀ ਨਾਮ ਦਾ ਜਪੀ ਜਾਣਾ ਹੀ ਗੁਰਮੁਖਾਂ ਦਾ ਸੱਚਾ ਕਰਮ (ਫ਼ਰਜ਼) ਹੈ। ਇਹੀ ਗੁਰਮਤਿ ਨਾਮੁ (ਵਾਹਿਗੁਰੂ) ਹੀ ਧੁਰਿ ਦਰਗਾਹੋਂ ਆਈ (ਗੁਰਾਂ ਦੁਆਰਾ ਆਈ) ਅਕੱਥ ਕਥਾ ਹੈ। ਅਕੱਥ ਏਸ ਕਰਕੇ ਭੀ ਹੈ ਕਿ ਇਹ ਕਦੇ ਮੁਕਦੀ ਨਹੀਂ। ਸੁਆਸਿ ਸੁਆਸਿ ਦੰਮ-ਬ-ਦੰਮ ਨਾਮ ਦਾ ਆਰਾਧੀ (ਜਪੀ) ਜਾਣਾ ਹੀ ਅਕੱਥ ਕਥਾ ਹੈ। ਇਸ ਨਾਮ ਜਾਪ ਅਭਿਆਸ ਅੰਦਰਿ ਪਾਰਸ ਰਸਾਇਣੀ ਕਥਾ ਹੈ। ਗੁਰੂ ਦੁਆਰਾ (ਪੰਜਾਂ ਪਿਆਰਿਆਂ ਨਾਮ ਦਿਆਂ ਰਸੀਆਂ ਦੁਆਰਾ) ਨਾਮ ਪ੍ਰਾਪਤ ਹੋਇਆ ਹੋਵੇ ਅਤੇ ਫੇਰ ਨਾਮੁ, ਗੁਰਮਤਿ ਨਾਮੁ ਦੀਖਸ਼ਤ ਪ੍ਰਾਣੀ ਇਸ ਨੂੰ ਜਪੀ ਜਾਵੇ, ਸੁਆਸਿ ਸੁਆਸਿ ਅਭਿਆਸੀ ਹੀ ਜਾਵੇ, ਤਾਂ ਇਹ ਅਨਦ ਬਿਨੋਦੀ ਰਸ ਕਲਾ ਵਾਲਾ ਸਦਾ ਸੁਖ ਵਰਤਾਉਂਦਾ ਹੈ। 'ਅਕੱਥ' ਇਹ ਇਸ ਕਰਕੇ ਭੀ ਹੈ ਕਿ ਇਹ ਅਲਪੱਗ ਬੁੱਧੀਸ਼-ਮਤੀਆਂ ਦੀ ਅਰਥਾਬੰਦੀ ਮਈ ਕਥਨੀ ਬਦਨੀ ਵਿਚ ਨਹੀਂ ਆਉਂਦਾ। ਆ ਹੀ ਨਹੀਂ ਸਕਦਾ। ਸਰਬੱਗ ਗੁਰਾਂ ਦੁਆਰੇ ਧੁਰੋਂ ਆਏ, ਸਚੁ ਸਰੁਬੱਗਤਾ ਵਾਲੀ ਦਰਗਾਹੋਂ ਆਏ, ਸੱਚੇ ਅਕਥ ਪਦਾਰਥ ਨੂੰ ਅਲਪੱਗ-ਮਤੀਆ, ਕੋਈ ਭੀ ਗਿਆਨੀ ਨਹੀਂ ਕੱਥ ਸਕਦਾ। ਕਥਨ ਕਰਨ ਵਾਲੀ ਕਥਾ ਦੇ ਦਾਇਰੇ ਵਿਚਿ ਨਹੀਂ ਲਿਆ ਸਕਦਾ। ਸਾਚੇ ਸਹਜ ਪਦਾਰਥ ਨੂੰ ਗੁਰਮਤਿ ਦੀ ਸਾਚੀ ਯੁਕਤੀ ਦੁਆਰਾ ਕਮਾਉਣਹਾਰ ਨੂੰ ਸਚੇ ਸਹਜ ਪਦ ਵਿਚਿ ਸਮਾਅ ਦਿੰਦਾ ਹੈ।


www.AKJ.Org

ਬੈਕੁੰਠ ਗੋਬਿੰਦ ਚਰਨ ਨਿਤ ਧਿਆਉ ॥
ਮੁਕਤਿ ਪਦਾਰਥੁ ਸਾਧੂ ਸੰਗਤਿ ਅੰਮ੍ਰਿਤੁ ਹਰਿ ਕਾ ਨਾਉ ॥੧॥ਰਹਾਉ॥
ਊਤਮ ਕਥਾ ਸੁਣੀਜੈ ਸ੍ਰਵਣੀ ਮਇਆ ਕਰਹੁ ਭਗਵਾਨ ॥
ਆਵਤ ਜਾਤ ਦੋਊ ਪਖ ਪੂਰਨ ਪਾਈਐ ਸੁਖ ਬਿਸ੍ਰਾਮ ॥੧॥
ਸੋਧਤ ਸੋਧਤ ਤਤੁ ਬੀਚਾਰਿਓ ਭਗਤਿ ਸਰੇਸਟ ਪੂਰੀ ॥
ਕਹੁ ਨਾਨਕ ਇਕ ਰਾਮ ਨਾਮ ਬਿਨੁ ਅਵਰ ਸਗਲ ਬਿਧਿ ਊਰੀ ॥੨॥੬੨॥੮੫॥

ਸਾਰੰਗ ਮਹਲਾ ੫, ਪੰਨਾ ੧੨੨੦-੨੧

ਇਸ ਗੁਰ ਵਾਕ ਦਾ ਵਿਆਖਤ ਭਾਵ ਇਹ ਹੈ ਕਿ ਵਾਹਿਗੁਰੂ ਨਾਮ ਰੂਪੀ ਗੋਬਿੰਦ ਚਰਨਾਂ ਦਾ ਧਿਆਉਣਾ ਸੱਚੀ ਬੈਕੁੰਠ ਵਿਚਿ ਵਸਣਾ ਹੈ। ਗੁਰੂ ਘਰ ਦੀ ਸਾਧ ਸੰਗਤਿ ਵਿਚਿ ਵਾਹਿਗੁਰੂ ਦਾ ਅੰਮ੍ਰਿਤ ਨਾਮ ਜਪਣਾ ਹੀ ਸੱਚਾ ਮੁਕਤਿ ਪਦਾਰਥ ਹੈ, ਭਾਵ, ਮੁਕਤੀ-ਦਾਇਕ ਸੱਚਾ ਪਦਾਰਥੁ ਹੈ।

ਵਾਹਿਗੁਰੂ ਨਾਮ ਦੀ ਸਿਫਤਿ ਸਾਲਾਹ ਗੁਰਬਾਣੀ ਹੀ ਉਤਮ ਕਥਾ ਹੈ। ਬਸ, ਇਹੋ ਅੰਮ੍ਰਿਤ ਬਾਣੀ ਰੂਪੀ ਕਥਾ ਸੁਣਨੀ ਹੀ ਸਭ ਤੋਂ ਉਤਮ ਅਤੇ ਸ੍ਰੇਸ਼ਟ ਕਥਾ ਦਾ ਸੁਣਨਾ ਹੈ। ਏਸ ਤੋਂ ਛੁਟ ਹੋਰ ਮੂੰਹ-ਆਈਆਂ ਮਨ-ਘੜਤ ਉਕਤੀ ਯੁਕਤੀ ਦੇ ਅਰਥਾਂ ਵਾਲੀਆਂ ਕਥੋਲੀਆਂ ਉੱਕੀਆਂ ਹੀ ਨਹੀਂ ਸੁਣਨੀਆਂ ਚਾਹੀਦੀਆਂ। ਹੇ ਭਗਵਾਨ! ਐਸੀ ਦਇਆ ਮਇਆ ਕਰੋ ਕਿ ਗੁਰਬਾਣੀ ਮਈ ਅਖੰਡ ਪਾਠ ਰੂਪੀ ਊਤਮ ਕਥਾ ਹੀ ਕੰਨੀਂ ਸੁਣਦੇ ਰਹੀਏ, ਹਰ ਦਮ। ਹੋਰ ਕਥੌਗੜਾਂ ਦੇ ਗੱਪ ਗਪੌੜੇ ਕਦੇ ਨਾ ਸੁਣੀਏ। ਇਸ ਉਪਰ ਕਥੀ ਊਤਮ ਕਥਾ ਦੇ ਸੁਣਿਆਂ ਚੁਰਾਸੀ ਦੇ ਗੇੜ ਸਭ ਮੁੱਕ ਜਾਂਦੇ ਹਨ ਅਤੇ ਵਾਹਿਗੁਰੂ ਦੇ ਚਰਨਾਂ ਵਿਚ ਵਸਣ ਦਾ ਸੁਖ-ਬਿਸਰਾਮ ਪ੍ਰਾਪਤ ਹੁੰਦਾ ਹੈ। ਗੁਰੂ ਨਾਨਕ ਸਾਹਿਬ ਨੇ ਸੋਧ ਸਾਧ ਕੇ ਇਹੀ ਤੱਤ ਕੱਢਿਆ ਹੈ ਕਿ ਇਹੀ ਊਤਮ ਕਥਾ ਹੀ ਸੰਪੂਰਨ ਅਤੇ ਸ੍ਰੇਸ਼ਟ ਭਗਤੀ ਹੈ। ਅਤੇ 'ਇਕੋ ਨਾਮ, ਗੁਰਮਤਿ ਨਾਮ, ਵਾਹਿਗੁਰੂ ਨਾਮ ਦਾ ਅਭਿਆਸ ਰੂਪੀ ਊਤਮ ਕਥਾ ਬਿਨਾਂ ਹੋਰ ਸਭ ਬਿਉਂਤਾਂ ਬਿਧੀਆਂ ਊਰੀਆਂ ਅਧੂਰੀਆਂ ਹੀ ਹਨ।

"ਗੋਬਿੰਦ ਚਰਨ ਨਿਤ ਧਿਆਉ" ਦੇ ਬੋਧ ਲਈ ਵਿਸਥਾਰਕ ਵਿਆਖਿਆ ਲਈ ਪੜ੍ਹੋ "ਚਰਨ ਕਮਲ ਕੀ ਮਉਜ" ਨਾਮੇ ਪੁਸਤਕ।

ਮੇਰਾ ਮਨੁ ਸੰਤ ਜਨਾਂ ਪਗ ਰੇਨ ॥
ਹਰਿ ਹਰਿ ਕਥਾ ਸੁਨੀ ਮਿਲਿ ਸੰਗਤਿ ਮਨੁ ਕੋਰਾ ਹਰਿ ਰੰਗਿ ਭੇਨ ॥੧॥ਰਹਾਉ॥

ਕਾਨੜਾ ਮਹਲਾ ੪, ਪੰਨਾ ੧੨੯੪

ਏਸ ਗੁਰਵਾਕ ਅੰਦਰਿ (ਹਰਿ ਹਰਿ ਕਥਾ) ਤੋਂ ਭਾਵ ਗੁਰਮਤਿ ਨਾਮੁ ਵਾਹਿਗੁਰੂ ਰੂਪੀ ਸਿਫਤਿ ਸਾਲਾਹ ਹੈ, ਨਾ ਕਿ ਹੋਰ ਕੋਈ ਕਥਾ। ਗੁਰੂ ਕੀ ਸੰਗਤਿ ਵਿਚਿ ਮਿਲ ਕੇ, ਪਰਸਪਰ ਜੁੜ ਕੇ ਨਾਮ ਜਪਿਆਂ ਕੋਰਾ ਮਨੂਆ ਵਾਹਿਗੁਰੂ ਦੇ ਰੰਗ ਵਿਚਿ ਭਿਜ ਜਾਂਦਾ ਹੈ। (ਹਰਿ ਹਰਿ ਪਦ) ਦੋ ਵਾਰ ਆਉਣ ਕਰਕੇ ਵਾਹਿਗੁਰੂ ਨਾਮ ਅਭਿਆਸ ਕਰੀ ਜਾਣ ਦਾ ਬੋਧਕ ਹੈ। ਐਸੇ ਅਭਿਆਸੀ ਜਨਾਂ ਨੂੰ ਹੀ ਸੰਤ ਜਨਾਂ ਕਰਕੇ ਸੁਭਾਖਿਆ ਗਿਆ ਹੈ। ਅਜਿਹੇ ਅਭਿਆਸੀ ਜਨ ਸੰਤ ਜਨਾਂ ਦੀ ਪੱਗ ਧੂੜ ਬਣੇ ਰਹਿਣ ਲਈ, ਸਦਾ ਉਮਾਹ-ਪੂਰਤ ਉਭਾਰਨਾ ਹੈ। ਅਜਿਹੇ ਅਭਿਆਸੀ ਜਨਾਂ ਦੇ ਮੁਖਹੁ ਹਰਿ ਹਰਿ ਕਥਾ ਸੁਣੀ, ਅਰਥਾਤ, ਨਾਮ ਅਭਿਆਸ ਮਈ ਧੁਨੀ ਸੁਣੀ ਜਾਣ ਲਈ ਇਸ ਵਾਕ ਅੰਦਰ ਪੂਰਨ ਉਭਾਰਨਾ ਹੈ।

ਅਦ੍ਰਿਸਟੁ ਅਗੋਚਰ ਨਾਮ ਧਿਆਏ ਸਤਸੰਗਤਿ ਮਿਲਿ ਸਾਧੂ ਪਾਥ ॥
ਹਰਿ ਹਰਿ ਕਥਾ ਸੁਨੀ ਮਿਲਿ ਸੰਗਤਿ ਹਰਿ ਹਰਿ ਜਪਿਓ ਅਕਥ ਕਥ ਕਾਥ ॥੩॥੬॥

ਕਾਨੜਾ ਮਹਲਾ ੪, ਪੰਨਾ ੧੨੯੬

ਇਸ ਗੁਰ-ਵਾਕ ਅੰਦਰ ਸਪੱਸ਼ਟ ਭਾਵ ਇਉਂ ਨਿਕਲਿਆ ਕਿ ਹਰਿ ਹਰਿ ਨਾਮ ਜਪਣਾ ਹੀ ਅਕੱਥ ਕਥਾ


www.AKJ.Org

ਦਾ ਕਥਨਾ ਹੈ। ਗੁਰੂ ਕੀ ਸੰਗਤ ਵਿਖੇ ਬੈਠ ਕੇ (ਰਲ ਮਿਲ ਕੇ) ਵਾਹਿਗੁਰੂ ਨਾਮ ਦਾ ਅਜਪਾ ਜਾਪ ਕਰਨਾ ਸੁਣਨਾ ਹੀ ਅਕੱਥ ਕਥਾ ਦਾ ਕਥਨਾ ਹੈ, ਅੜਬਾਬੰਦੀ ਵਾਲੀ ਮਨ-ਘੜਤ ਕਥਾ ਕਰਨ ਸੁਣਨ ਤੋਂ ਭਾਵ ਹਰਗਿਜ਼ ਨਹੀਂ ਹੈ। ਇਸ ਦੁਤੁਕੀ ਦੀ ਪਹਿਲੀ ਤੁਕ 'ਅਦ੍ਰਿਸਟੁ ਅਗੋਚਰ ਨਾਮ ਧਿਆਏ ਸਤਸੰਗਤਿ ਮਿਲਿ ਸਾਧੂ ਪਾਥ' ਸਪੱਸ਼ਟ ਤੌਰ ਤੇ ਇਹ ਦ੍ਰਿੜ੍ਹਾਉਂਦੀ ਹੈ ਕਿ ਗੁਰਮਤਿ-ਮਾਰਗ ਉਤੇ ਚਲਣਹਾਰਿਆਂ ਲਈ ਗੁਰੂ ਘਰ ਦੀ ਸੰਗਤਿ ਹੀ ਸੱਚੀ ਸੰਗਤਿ ਹੈ, ਜਿਥੇ ਅਦ੍ਰਿਸਟੁ ਅਗੋਚਰ ਨਾਮ ਧਿਆ ਸਕੀਦਾ ਹੈ। ਇਸ ਅਦ੍ਰਿਸ਼ਟ ਅਗੋਚਰ ਨਾਮ ਦੀ ਕੋਈ ਕੀ ਕਥਾ ਕਰੇਗਾ? ਅਲਪੱਗ-ਦ੍ਰਿਸਟਾ-ਕਥੱਗੜ ਉੱਕਾ ਹੀ ਇਸ ਕਥਾ ਕਰਨ ਤੋਂ ਅਸਮਰੱਥ ਹੈ। ਜਿਸ ਨਾਮ ਨੂੰ ਉਸ ਨੇ ਦੇਖਿਆ ਈ ਨਹੀਂ, ਜੋ ਨਾਮ ਉਸ ਦੀ ਅਲਪਗ ਅਕਲ ਤੋਂ ਅਗੋਚਰ ਹੈ, ਉਸ ਦੀ ਭਲਾ ਉਹ ਕੀ ਕਥਾ ਕਰ ਸਕੇਗਾ? ਐਵੇਂ ਮਨ-ਘੜਤ ਗਪੌੜੇ ਹੀ ਮਾਰੇਗਾ। ਇਹ ਅਦ੍ਰਿਸਟ ਅਗੋਚਰ ਨਾਮ ਵਾਹਿਗੁਰੂ ਨਿਰੰਕਾਰ ਦੀ ਅਦ੍ਰਿਸਟ ਅਗੋਚਰ ਦਰਗਾਹ ਤੋਂ, ਅਦ੍ਰਿਸਟ ਅਗੋਚਰ ਪਦ ਦੇ ਦਾਨੀ (ਜਾਨਣਹਾਰੇ) ਗੁਰੂ ਸਾਹਿਬਾਨ ਨੇ ਹੀ ਲਿਆਂਦਾ ਅਤੇ ਗੁਰਸਿੱਖਾਂ ਤਾਈਂ ਆਪਣੀ ਅਦ੍ਰਿਸਟ ਅਗੋਚਰੀ ਮਇਆ ਦੁਆਰਾ ਨਦਰੀ ਨਦਰ ਨਿਹਾਲ ਹੋ ਕੇ ਗਿਆਤ ਕਰਾਇਆ ਤੇ ਦ੍ਰਿੜ੍ਹਾਇਆ। ਜਿਸ ਨੂੰ ਇਹ ਦਾਤਿ ਦ੍ਰਿੜ੍ਹਾਪਤ ਨਹੀਂ ਹੋਈ, ਉਹ ਇਸ ਅਗਮ ਅਗੋਚਰੇ ਨਾਮ ਅਤੇ ਅਦ੍ਰਿਸਟ ਅਗੋਚਰੀ ਗੁਰਬਾਣੀ ਦੀ ਕੀ ਕਥਾ ਕਰੇਗਾ? ਕੁਝ ਭੀ ਨਹੀਂ। ਐਵੇਂ ਆਪਣੀ ਮਨੋਰਥ ਯੁਕਤੀ ਹੀ ਭੇੜੇਗਾ।

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥
ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥ ..੧॥੧੦॥
ਸਿਰੀ ਰਾਗੁ ਮਹਲਾ ੧, ਪੰਨਾ ੧੭

'ਮਿਲਿ ਕੈ ਕਰਹ ਕਹਾਣੀਆ' ਤੋਂ ਭਾਵ ਏਥੇ ਰਲ ਮਿਲ ਕੇ ਗੁਣ ਗਾਵਣ ਤੋਂ ਹੈ। ਪਰਸਪਰ ਮਿਲ ਕੇ ਗੁਰਸਿੱਖਾਂ ਦਾ ਕੀਰਤਨ ਕਰਨਾ, ਸਮਰੱਥ ਪੁਰਖ ਦੀਆਂ ਕਹਾਣੀਆਂ ਕਰਨਾ ਹੈ। ਇਸ ਗੁਰਵਾਕ ਤੋਂ ਕਥਾ ਕਰਨ ਦਾ ਭਾਵ ਕਢਣਾ ਨਿਰੀ ਮੂਰਖਤਾ ਹੈ। (ਮਿਲ ਕੇ) ਪਦ ਸਾਫ਼ ਦਸਦਾ ਹੈ ਕਿ ਇਕ ਅੱਧੇ ਘੁਗੂ ਮੱਟ ਕਥੋਗੜ ਨੇ ਸਾਰੀ ਸੰਗਤ ਨੂੰ ਮੂਜੂ ਬਣਾ ਕੇ ਕਥਾ ਨਹੀਂ ਸੁਣਾਵਣੀ, ਜੈਸੇ ਕਿ ਅੱਜ ਕਲ੍ਹ ਕਈ ਇਕ ਕਥਾ ਕਰਨਹਾਰਿਆਂ ਅਗਿਆਨੀ ਪੁਰਸ਼ਾਂ ਦਾ ਵਤੀਰਾ ਹੈ। ਮਿਲ ਕੇ ਗੁਰਬਾਣੀ ਦੀ ਕਥਾ ਕਰਨੀ ਕੇਵਲ ਗੁਰਬਾਣੀ ਦਾ ਕੀਰਤਨ ਹੀ ਹੋ ਸਕਦਾ ਹੈ। ਇਹ ਨਿਰਬਾਣ ਕੀਰਤਨ ਨਿਰਬਾਣ ਪਦ ਦੀ ਅਕੱਥ ਕਥਾ-ਕਹਾਣੀ ਹੈ। ਮਿਲ ਕੇ ਕਹਾਣੀਆਂ ਕਰਨ ਤੋਂ ਇਹ ਭਾਵ ਅਸਲ ਕੀਰਤਨ ਕਰਨ ਦਾ ਸਪੱਸ਼ਟ ਹੈ।

ਸਾਚਉ ਸਾਹਿਬੁ ਸੇਵੀਐ ਗੁਰਮੁਖਿ ਅਕਥੋ ਕਾਥਿ ॥੬॥੧੦॥
ਸਿਰੀ ਰਾਗੁ ਮਹਲਾ ੧, ਅਸ:, ਪੰਨਾ ੫੯

ਇਹ ਗੁਰਵਾਕ ਦਸਦਾ ਹੈ ਕਿ ਸੱਚੇ ਸਾਹਿਬ ਨੂੰ ਸਿਮਰਨਾ (ਸੇਵਨਾ) ਹੀ ਗੁਰਮੁਖਾਂ ਦੀ ਅਕੱਥ ਕਥਾ ਹੈ। ਗੁਰਬਾਣੀ ਅੰਦਰਿ ਸੇਵਨ ਪਦ ਤੋਂ ਭਾਵ ਸਿਮਰਨ ਦਾ ਹੀ ਹੁੰਦਾ ਹੈ।

ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ ॥
ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ ॥
ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ ॥੭॥੪॥ ਸਿਰੀ ਰਾਗੁ ਮ: ੧, ਪੰਨਾ ੬੨

ਇਸ ਗੁਰਵਾਕ ਦੀ ਦੂਸਰੀ ਤੁਕ "ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ" ਵਾਲੀ ਤੁਕ ਸਪੱਸ਼ਟ ਅਰਥਾਉਂਦੀ ਹੈ ਕਿ ਗੁਰਬਾਣੀ ਰੂਪੀ ਅਕੱਥ ਕਥਾ ਤਦੇ ਹੀ ਵੀਚਾਰੀ ਕਮਾਈ ਜਾ ਸਕਦੀ ਹੈ ਜੇ ਅਕੱਥ ਕਥਾ ਵੀਚਾਰਨਹਾਰਾ ਕਮਾਵਨਹਾਰਾ ਗੁਰਸਿਖ ਸਤਿਗੁਰੂ ਦੇ ਸਰੂਪ ਵਿਚ ਸਮਾ ਜਾਵੇ, ਅਰਥਾਤ, ਤੱਦਰੂਪ ਹੋ ਜਾਵੇ। ਗੁਰਸਿਖ ਗੁਰਮਤਿ ਨਾਮ ਦੀਆਂ ਕਮਾਈਆਂ ਕਰਿ ਕਰਿ ਨਿਰਾ ਗੁਰੂ ਦਾ ਹੀ ਸਰੂਪ ਹੋ ਜਾਵੇ, ਤਾਂ ਜਾ ਕੇ ਗੁਰਬਾਣੀ ਰੂਪੀ ਅਕੱਥ ਕਥਾ ਦਾ ਬੋਧ ਹੋ ਸਕਦਾ ਹੈ, ਐਵੇਂ ਨਹੀਂ। ਇਕੱਲਾ ਅਲਪੱਗ ਗਿਆਨੀ ਉੱਠ ਕੇ ਜੋ


www.AKJ.Org

ਗੁਰਬਾਣੀ ਦੀ ਕਥਾ ਕਰਨ ਲਗ ਪੈਂਦਾ ਹੈ, ਬਿਲਕੁਲ ਮਨਮਤਿ ਹੈ। ਗੁਰਬਾਣੀ ਰੂਪੀ ਕਥਾ ਅਕੱਥ ਹੈ, ਜੋ ਕਿਸ ਭੀ ਅਗਿਆਨੀ ਜੀਵੜੇ ਤੋਂ ਕਥੀ ਨਹੀਂ ਜਾ ਸਕਦੀ। ਤਾਂ ਤੇ ਇਸ ਬਾਣੀ ਰੂਪੀ ਅਕੱਥ ਕਥਾ ਦਾ ਕਥਨ ਕੀਰਤਨ, ਇਸ ਦੇ ਨਿਰਬਾਣ ਰੂਪ ਵਿਚਿ ਅਸਲ ਕਥਾ ਹੈ। ਗੁਰਬਾਣੀ ਦੇ ਅਖੰਡ ਪਾਠ ਅਥਵਾ ਅਖੰਡ ਕੀਰਤਨ ਬਿਨਾਂ ਹੋਰ ਕੋਈ ਕਥਾ ਨਹੀਂ। **ਮਨ-ਘੜਤ ਕਥਾ ਕਰਨੀ ਨਿਰੇ ਮਨ-ਘੜਤ ਮਨਸੂਬੇ ਹੀ ਹਨ,** ਜੋ ਸੱਚੀ ਭੈ-ਭਾਵਨੀ ਵਾਲੇ ਗੁਰਸਿਖ ਜਗਿਆਸੂ ਤੋਂ ਕੋਸਾਂ ਦੂਰ ਰਹਿੰਦੇ ਹਨ। ਗੁਰਮੁਖ, ਭੈ ਭਾਵਨੀ ਵਾਲੇ ਗੁਰਮੁਖ ਜਨਾਂ ਅੰਦਰਿ ਕੇਵਲ ਗੁਰਬਾਣੀ ਦੇ ਰਟਨ ਕੀਰਤਨ ਮਾਤਰ ਕਥਾ ਦੀ ਸੰਤੁਸ਼ਟਤਾ ਹੀ ਵਸੀ ਰਹਿੰਦੀ ਹੈ। ਉਹ ਇਸੇ ਗੱਲ ਵਿਚਿ ਹੀ ਸੰਤੁਸ਼ਟ ਰਹਿੰਦੇ ਹਨ ਕਿ ਗੁਰਬਾਣੀ ਦਾ ਨਿਰਬਾਣ ਕੀਰਤਨ ਅਥਵਾ ਪਾਠ ਹੀ ਕਰੀ ਜਾਣਾ। ਇਹ ਗੁਰਮਤਿ ਭੈ-ਭਾਵਨੀ ਦਾ ਸਿਦਕ ਭਰੋਸਾ ਓਹਨਾਂ ਅੰਦਰਿ ਵਸਿਆ ਰਹਿੰਦਾ ਹੈ। "ਸੰਤੋਖੁ ਵਸੈ ਗੁਰ ਭਾਇ" ਰੂਪੀ ਪੰਗਤੀ ਦੀ ਇਹ ਵਿਆਖਿਆ ਹੈ, ਜੋ ਉਪਰ ਨਿਰੂਪਨ ਕੀਤੀ ਗਈ ਹੈ। ਗੁਰਮੁਖ ਸਿਧ ਸਾਧੂ ਜਦੋਂ ਪਰਸਪਰ ਸੰਗਤਿ ਵਿਖੇ ਰਲ ਮਿਲ ਕੇ ਬੈਠਦੇ ਹਨ ਤਾਂ ਇਹ ਗੁਰਬਾਣੀ ਗਾਵਣ ਸੁਣਨ ਸੁਣਾਵਣ ਰੂਪੀ ਕਥਾ ਕਰਦੇ ਹਨ। "ਸਾਧੁ ਮਿਲੈ ਸਾਧੂ ਜਨੈ" ਵਾਲੀ ਪੰਗਤੀ ਦਾ ਇਉਂ ਤੱਤ ਭਾਵ ਪਰੀਪੂਰਨ ਹੁੰਦਾ ਹੈ। ਅੰਮ੍ਰਿਤ-ਮਈ ਗੁਰਬਾਣੀ ਦੇ ਕੀਰਤਨ ਕਰਿ ਕਰਿ ਇਸ ਬਿਧਿ ਹੀ ਗੁਰਮੁਖ ਜਨ ਅਘਾਉਂਦਾ (ਸੰਤੋਖਿਆ) ਜਾਂਦਾ ਹੈ। ਅਤੇ ਇਉਂ ਅੰਮ੍ਰਿਤ-ਛਾਂਦਿਆਂ ਦੇ ਗਟਾਕ ਪੀ ਪੀ ਕੇ ਉਹ ਗੁਰੂ ਕਰਤਾਰ ਦੀ ਦਰਗਾਹ ਵਿਖੇ ਸੱਚੇ ਸਿਰੋਪਾਉ ਸਹਿਤ ਪਹਿਨਾਇਆ ਪੈਧਾਇਆ ਜਾਂਦਾ ਹੈ। "ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ" ਰੂਪੀ ਪੰਗਤੀ ਇਉਂ ਤੱਤ ਵਿਆਖਿਆ ਵਿਚ ਆਉਂਦੀ ਹੈ। ਅਕੱਥ ਕਥਾ ਵੀਚਾਰਨ ਦਾ ਐਸਾ ਹੀ ਤੱਤ ਪ੍ਰਮਾਰਥੀ ਭਾਵ ਪ੍ਰਭਾਵਤ ਹੁੰਦਾ ਹੈ। .....

ਸਾਨੂੰ ਪਤਾ ਨਹੀਂ ਲਗਦਾ, ਕੁਛ ਪਤਾ ਨਹੀਂ ਚਲਦਾ ਕਿ ਗੁਰਬਾਣੀ ਦੇ ਅਰਥ ਕਰ ਕੇ ਕਥਾ ਕਰਨ ਦੀ ਪਰਪਾਟੀ ਕਦੋਂ ਕੁ ਦੀ ਪੰਥ ਵਿਚਿ ਪਈ ਹੋਈ ਹੈ। ਜਦੋਂ ਦੀ ਭੀ ਇਹ ਪਈ ਹੈ ਉਦੋਂ ਤੋਂ ਹੀ ਇਸ ਮਨਮਤਿ ਦਾ ਅਰੰਭ ਹੋਇਆ। ਐਸਾ ਬੁਰਾ ਹੋਇਆ ਕਿ ਬੁਰੀ ਤਰ੍ਹਾਂ ਹੋਇਆ ਹੈ ਅਤੇ ਦਿਨੋ ਦਿਨ ਹੀ ਬੁਰੀ ਤਰ੍ਹਾਂ ਵਧਦਾ ਚਲਿਆ ਜਾਂਦਾ ਹੈ। ਗੁਰੂ ਘਰ ਦੇ ਇਤਿਹਾਸਾਂ ਦੀ ਕਥਾ ਤਾਂ ਚਲੀ ਆਈ ਹੈ ਮੁੱਢ ਤੋਂ। ਏਸ ਕਥਾ ਦੀ ਰੀਸੋ ਘੜੀਸੇ ਗੁਰਬਾਣੀ ਰੂਪੀ ਅਕੱਥ ਕਥਾ ਦੀ ਕਥਾ ਕਰਨਾ ਭੀ ਪ੍ਰਚਲਤ ਹੋ ਪਿਆ ਜਾਪਦਾ ਹੈ, ਪਰ ਨਿਰਾ ਅੰਧਾ ਧੁੰਦੀ ਹੀ। ਇਤਿਹਾਸ ਪਰਸੰਗੀ ਕਥਾ ਦਾ ਹੋਣਾ ਤਾਂ ਸੰਭਵ ਹੈ, ਕਿਉਂਕਿ ਪਰਸੰਗ-ਮਈ ਇਤਿਹਾਸ ਤਾਂ ਗੁਰਸਿੱਖਾਂ ਦੇ ਲਿਖੇ ਕਥੇ ਹੋਏ ਹਨ। ਤਿਨ੍ਹਾਂ ਇਤਿਹਾਸਾਂ ਪਰਸੰਗਾਂ ਨੂੰ ਜਿਉਂ ਕਾ ਤਿਉਂ ਜਾਂ ਘਟਾ ਵਧਾ ਕੇ ਕਥਿਆ ਕੁਮਥਿਆ ਜਾਣਾ ਕੋਈ ਮਨਮਤਿ ਨਹੀਂ, ਪ੍ਰੰਤੂ ਅਕੱਥ ਕਥਾ ਦਾ ਆਖਣਾ ਅਲਪਗ ਅਕਲੀ ਕਥਾਗੜਾਂ ਦੁਆਰਾ ਅਤੀ ਅਸੰਭਵ ਹੈ, ਜੋ ਬੜੀ ਹੀ ਮਨਮਤਿ ਭਰਿਆ ਗੁਨਾਹ ਹੈ।

ਸੰਪ੍ਰਦਾਈ ਪਾਠ ਕਰਨ ਵਾਲੇ ਸੰਪ੍ਰਦਾਈ ਪਾਠੀ ਤਾਂ ਗੁਰਬਾਣੀ ਦੇ ਸੁਣੇ ਹਨ, ਪ੍ਰੰਤੂ ਸੰਪ੍ਰਦਾਈ ਕਥਾ ਜਾਂ ਸੰਪ੍ਰਦਾਈ ਕਥਾ ਕਰਨਹਾਰੇ ਕਦੇ ਨਹੀਂ ਸੁਣੇ। **ਏਹ ਸੰਪ੍ਰਦਾਵਾਂ ਭੀ ਪਤਾ ਨਹੀਂ ਕਿਵੇਂ ਚਲੀਆਂ। ਏਹਨਾਂ ਵਿਚਿ ਭੀ ਬੜੀ ਗੰਧਲ-ਚੋਦੇਂ ਰਲੀ ਹੋਈ ਹੈ। ਇਕ ਸੰਪ੍ਰਦਾ ਦੂਜੀ ਨਾਲ ਨਹੀਂ ਰਲਦੀ।** ਇਕ ਸੰਪ੍ਰਦਾ ਦਾ ਪਾਠ ਦੂਜੀ ਸੰਪ੍ਰਦਾ ਦੇ ਪਾਠ ਨਾਲ ਨਹੀਂ ਮਿਲਦਾ। ਚਲੋ ਇਹ ਰੌਲਾ ਤਾਂ ਸੰਪ੍ਰਦਾਈ ਪਾਠ ਦਾ ਹੈ, ਇਸ ਦਾ ਇਥੇ ਕੋਈ ਸੰਬੰਧ ਨਹੀਂ। ਏਥੇ ਤਾਂ ਸੰਪ੍ਰਦਾਈ ਕਥਾ ਬਾਰੇ ਹੀ ਸੰਬੰਧਤ ਵੀਚਾਰ ਹੈ, ਜੋ ਬਿਲਕੁਲ ਲਚਰ ਅਤੇ ਲਗਵ ਬਾਤ ਹੈ। ਕਥਾ ਦੀ ਸੰਪ੍ਰਦਾ ਚਲੀ ਹੀ ਨਹੀਂ। ਮਨੋ ਮਨੀ ਦੇਖੋ ਦੇਖੀ ਕਥੋਗੜ ਲੋਗ ਕਥਾ ਕਰਨ ਲਗ ਪਏ। ਇਕ ਐਸੇ ਲੋਗ, ਕਥੋਗੜ ਲੋਗ ਹਨ, ਜੋ ਆਪਣੀ ਵਿਦਵਤਾ ਦਿਖਾਉਣ ਲਈ ਇਕ ਇਕ ਪੰਗਤੀ ਦੇ ਕਈ ਕਈ ਅਰਥ ਕਰਦੇ ਹਨ ਅਥਵਾ ਅਥਵਾ ਕਰਕੇ। ਇਸ ਬਾਰੇ ਤਾਂ ਗੁਰਬਾਣੀ ਦੀ 'ਲਗ ਮਾਤ੍ਰੀ ਵਿਲੱਖਣਤਾ' ਪੁਸਤਕ ਵਿਚਿ ਬਹੁਤ ਕੁਝ ਲਿਖਿਆ ਗਿਆ ਹੈ। ਦੂਜੇ ਓਹ ਲੋਗ ਹਨ ਜੋ ਗੁਰਬਾਣੀ ਦਾ ਸੁਧ ਪਾਠ ਹੀ ਨਹੀਂ ਕਰ ਸਕਦੇ, ਪਰ ਡੀਂਗਾਂ ਮਾਰਦੇ ਹਨ ਕਥਾ ਕਰਨ ਦੀਆਂ। ਇਹ ਓਹਨਾਂ ਦੀ ਬੜੀ ਭਾਰੀ

 [ਬਾਕੀ ਦੇਖੋ ਸਫ਼ਾ ੬ ਹੇਠ] 
www.AKJ.Org

# ਕੌਮੀ ਆਗੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ

[ਪ੍ਰਿੰਸੀਪਲ ਕੁਲਦੀਪ ਸਿੰਘ ਹਉਰਾ, ੧੬੨ ਹਾਊਸਿੰਗ ਬੋਰਡ ਕਲੋਨੀ, ਅੰਮ੍ਰਿਤਸਰ]

ਕਈ ਇਤਿਹਾਸਕਾਰ ਗੁਰੂ ਗੋਬਿੰਦ ਸਿੰਘ ਜੀ ਦੇ ਬਲਵਾਨ ਕੱਦ-ਕਾਠ ਨੂੰ ਕੇਵਲ ਉਨ੍ਹਾਂ ਦੀਆਂ ਰਾਜਸੀ ਤੇ ਫੌਜੀ ਪ੍ਰਾਪਤੀਆਂ ਦੇ ਗਜ਼ਾਂ ਨਾਲ ਹੀ ਮਾਪਦੇ ਹਨ, ਪਰ ਉਨ੍ਹਾਂ ਦੀਆਂ ਪ੍ਰਾਪਤੀਆਂ ਤਾਂ ਸਰਬ-ਪੱਖੀ ਸਨ। ਉਨ੍ਹਾਂ ਨੂੰ ਕੇਵਲ ਕਿਸੇ ਵਿਸ਼ੇਸ਼ ਖੇਤਰ ਵਿਚ ਪ੍ਰਾਪਤੀਆਂ ਕਰਨ ਵਾਲਾ ਸਾਬਤ ਕਰਨਾ, ਉਨ੍ਹਾਂ ਦੀ ਸ਼ਖ਼ਸੀਅਤ ਨਾਲ ਬੇਇਨਸਾਫ਼ੀ ਕਰਨਾ ਹੋਵੇਗਾ। ਗੁਰੂ ਸਾਹਿਬ ਦੀ ਸਰਬ-ਪੱਖੀ ਮਹਾਨਤਾ 'ਚੋਂ ਆਪ ਦੇ ਪੂਰਵਜਾਂ ਵਾਂਗ ਆਪ ਦੀ ਅਧਿਆਤਮਕ ਵਿਸ਼ੇਸ਼ਤਾ ਉਲੇਖਨੀਯ ਹੈ।

ਕਲਗੀਧਰ ਪਾਤਸ਼ਾਹ ਆਪਣੇ ਅਨੁਆਈਆਂ ਦੀ ਹਰ ਪੱਖੋਂ ਅਗਵਾਈ ਕਰਨ ਦੇ ਸਮਰੱਥ ਸਨ। ਇਸੇ ਲਈ ਸੂਰਬੀਰ, ਸ੍ਵੈ-ਕੁਰਬਾਨੀ ਕਰਨ ਵਾਲੇ, ਅਧਿਆਤਮਕ-ਚਾਸ਼ਣੀ ਚੱਖਣ ਵਾਲੇ ਤੇ ਸਾਹਿਤਕ-ਪਿੜ ਦੇ ਸਵਾਰ ਸਭ ਪ੍ਰਕਾਰ ਦੇ ਵਿਅਕਤੀ ਉਨ੍ਹਾਂ ਨਾਲ ਆ ਜੁੜੇ ਸਨ। ਗੁਰੂ ਸਾਹਿਬ ਨੇ ਸਭ ਵਰਗਾਂ ਦੇ ਲੋਕਾਂ ਅੰਦਰ ਅਧਿ-ਆਤਮਕ ਜੋਤਿ ਜਗਾਈ, ਕਿਉਂਕਿ ਉਹ ਮਹਿਸੂਸ ਕਰਦੇ ਸਨ ਕਿ ਸਮੇਂ ਦੇ ਸੰਦਰਭ ਵਿਚ ਅਧਿਆਤਮਕ-ਇਨਕਲਾਬ ਦੀ ਬੜੀ ਵਿਸ਼ੇਸ਼ਤਾ ਹੈ।

ਕੋਈ ਵੀ ਲਹਿਰ ਚੜ੍ਹਦੀ ਕਲਾ, ਕੁਰਬਾਨੀ ਤੇ ਗਤੀਸ਼ੀਲਤਾ ਬਿਨਾਂ ਸਫਲ ਨਹੀਂ ਹੋ ਸਕਦੀ। ਇਹ ਘਟੋ-ਘੱਟ ਖ਼ੂਬੀਆਂ ਹਨ, ਜੋ ਜੀਵਨ ਦੇ ਹਰ ਖੇਤਰ ਵਿਚ ਚਾਹੀਦੀਆਂ ਹਨ। ਇਨ੍ਹਾਂ ਦੇ ਨਾ ਹੋਣ ਤੇ ਹਰ ਮੋਰਚੇ ਤੇ ਅੱਗੇ ਵਧਣਾ ਰੁਕ ਜਾਂਦਾ ਹੈ। ਪਰ ਜਦੋਂ ਚੜ੍ਹਦੀ ਕਲਾ, ਕੁਰਬਾਨੀ ਤੇ ਗਤੀਸ਼ੀਲਤਾ ਅੰਦਰਲੀ ਅਧਿਆਤਮਕ ਸ਼ਕਤੀ ਤੋਂ ਉਪਜਦੀਆਂ ਹਨ ਤਾਂ ਉਹ ਅਵੱਸ਼ ਹੀ ਮਨਚਾਹੇ ਨਤੀਜੇ ਉਤਪੰਨ ਕਰਦੀਆਂ ਹਨ।

ਸ਼ਕਤੀ ਜਾਂ ਬਲ ਹਰ ਪ੍ਰਕਾਰ ਦੀ ਸੇਵਾ ਕਰਨ ਲਈ ਆਵਸ਼ਕ ਹੁੰਦਾ ਹੈ, ਉਸੇ ਦੀ ਸ਼ਕਤੀ ਕੋਈ ਨਤੀਜੇ ਪ੍ਰਗਟ ਕਰਦੀ ਹੈ ਜੋ ਵਿਅਕਤੀ ਕੇਵਲ ਆਪਣੇ ਲਈ ਹੀ ਨਹੀਂ, ਸਗੋਂ ਆਪਣੇ ਸਾਥੀਆਂ ਦੀ ਸਮਾਜਿਕ, ਆਰਥਿਕ, ਨੈਤਿਕ ਤੇ ਰਾਜਸੀ ਦਸ਼ਾ ਸੁਧਾਰਨ ਲਈ ਪ੍ਰਾਪਤ ਕਰਦਾ ਤੇ ਵਰਤਦਾ ਹੈ।

ਗੁਰੂ ਸਾਹਿਬ ਨੇ ਕੇਵਲ ਨਿੱਜੀ ਲਾਭਾਂ ਦੀ ਪ੍ਰਾਪਤੀ ਕਰਨ ਵਾਲੇ ਸੂਰਮਿਆਂ ਬਾਰੇ ਲਿਖਿਆ ਹੈ—

ਜੀਤ ਫਿਰੈ ਸਭ ਦੇਸ ਦਿਸਾਨ ਕੋ ਬਾਜਤ ਢੋਲ ਮ੍ਰਿਦੰਗ ਨਗਾਰੇ ॥
ਗੁੰਜਤ ਗੂੜ ਗਜਾਨ ਕੇ ਸੁੰਦਰ ਹਿੰਸਤ ਹੀ ਹਯਰਾਜ ਹਜਾਰੇ ॥
ਭੂਤ ਭਵਿਖ ਭਵਾਨ ਕੇ ਭੂਪਤਿ ਕਉਨੁ ਗਨੈ ਨਹੀ ਜਾਤਿ ਬਿਚਾਰੇ ॥
ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ ਅੰਤ ਕੋ ਅੰਤ ਕੇ ਧਾਮ ਸਿਧਾਰੇ ॥੩॥

(ਸੁਧਾ ਸਵਯੇ, ਪਾਤਸ਼ਾਹੀ ੧੦)

ਗੁਰੂ ਗੋਬਿੰਦ ਸਿੰਘ ਸਾਹਿਬ ਸੱਚ, ਪ੍ਰੇਮ, ਚੰਗਿਆਈ, ਨੇਕੀ ਤੇ ਨਿਰ-ਸੁਆਰਥਤਾ ਦੇ ਸਾਕਾਰ ਸਰੂਪ ਸਨ। ਆਪ ਇਨ੍ਹਾਂ ਖ਼ੂਬੀਆਂ ਦਾ ਪ੍ਰਯੋਗ ਲੋਕ-ਭਲੇ ਲਈ ਕਰਦੇ ਸਨ ਤੇ ਇਸ ਸੰਬੰਧ 'ਚਿ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਲਈ ਸਦਾ ਤਤਪਰ ਰਹਿੰਦੇ ਸਨ। ਆਪ ਦਾ ਵਿਸ਼ਵਾਸ ਸੀ ਕਿ ਲੋਕਾਈ ਨੂੰ ਉਤਨਾ ਚਿਰ ਤਬਾਹੀ ਤੋਂ ਨਹੀਂ ਬਚਾਇਆ ਜਾ ਸਕਦਾ, ਜਦ ਤਕ ਉਸ ਦੀ ਆਤਮਾ ਨੂੰ ਨਹੀਂ ਜਗਾਇਆ ਜਾਂਦਾ ਤੇ ਆਚਰਣ ਉੱਚਾ ਨਹੀਂ ਹੁੰਦਾ। ਇਸ ਲਈ ਉਨ੍ਹਾਂ ਦੇ ਸਾਹਮਣੇ ਸਭ ਤੋਂ ਵਿਸ਼ੇਸ਼ ਤੇ ਜ਼ਰੂਰੀ ਕਾਰਜ ਸੀ ਲੋਕਾਂ ਦੀ ਆਤਮਾ ਨੂੰ ਜਗਾਉਣਾ।

'ਅਕਾਲ ਪੁਰਖ' ਦੇ ਨਿਵਾਜੇ ਹੋਏ ਆਪ 'ਖ਼ਾਸ ਪੁਰਖ' ਸਨ। ਰਾਗ, ਨਾਦ, ਕਾਵਿ ਅਤੇ ਵਿਦਿਆ ਦੀਆਂ ਦੇਵੀਆਂ ਆਪ ਦੀਆਂ ਗੋਲੀਆਂ ਬਣਿ, ਕਾਰ ਕਮਾਂਦੀਆਂ ਸਨ। ਜਾਪੁ ਸਾਹਿਬ, ਅਕਾਲ ਉਸਤਤਿ ਅਤੇ ਆਪ ਦੀ ਹੋਰ ਰਚਨਾ ਵਿਚ ਅਧਿਆਤਮਕ ਕਾਵਿ ਦਾ ਅਲੌਕਿਕ ਰੰਗ ਮਨਾਂ ਨੂੰ ਮੁਗਧ ਕਰਨ ਵਾਲਾ ਅਤੇ ਆਤਮਾ ਨੂੰ



www.AKJ.Org

ਹਲੂਣ ਦੇਣ ਵਾਲਾ ਹੈ। ਇਸੇ ਤਰ੍ਹਾਂ ਬੀਰ-ਰਸੀ ਕਾਵਿ ਵਿਚ ਐਸਾ ਵਿਗਾਸ ਭਰਿਆ ਜੋਸ਼ ਹੈ ਜੁ ਸੂਰਬੀਰਾਂ ਦੇ ਡੌਲੇ ਫ਼ਰਕ ਉਠਦੇ ਹਨ। ਆਪ ਦੀ ਕਾਵਿਕ-ਅਨੁਭੂਤੀ ਦੈਵੀ ਸੀ। ਆਪ ਅੰਦਰ ਕਾਵਿਕ, ਦਾਰਸ਼ਨਿਕ ਤੇ ਅਧਿਆਤਮਕ ਅਤੇ ਦੂਰ-ਦਰਸ਼ੀ ਮਹਾਂਪੁਰਸ਼ ਵਾਲੇ ਸਾਰੇ ਉਹ ਗੁਣ ਮੌਜੂਦ ਸਨ, ਜਿਨ੍ਹਾਂ ਦੇ ਸੁਮੇਲ ਤੋਂ ਇਕ ਐਸਾ ਪਰਮ-ਮਨੁੱਖ ਬਣਦਾ ਹੈ, ਜੋ ਬਦੀ ਦਾ ਖ਼ਾਤਮਾ ਕਰ ਸਕਦਾ ਹੈ।

ਇਸ ਗੱਲ ਵਿਚ ਕੋਈ ਭੁਲੇਖਾ ਨਹੀਂ ਕਿ ਗੁਰੂ ਨਾਨਕ ਦੇਵ ਜੀ ਹੀ, ਬਦਲੇ ਹੋਏ ਹਾਲਾਤ ਦੀ ਲੋੜ-ਪੂਰਤੀ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਸਰੂਪ ਵਿਚ ਪ੍ਰਗਟ ਹੋਏ ਸਨ—

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ।੧।(ਪੰਨਾ ੯੬੬)

ਇਸੇ ਲਈ ਗੁਰੂ ਗੋਬਿੰਦ ਸਿੰਘ ਜੀ ਨੂੰ ਕੇਵਲ ਇਕ ਸੁਧਾਰਕ ਜਾਂ ਯੋਧੇ ਦੇ ਰੂਪ ਵਿਚ ਹੀ ਨਹੀਂ ਦੇਖਣਾ ਚਾਹੀਦਾ, ਸਗੋਂ ਉਹ ਤਾਂ ਸਰਬ-ਸਮਰੱਥ ਮਹਾਂਪੁਰਸ਼ ਸਨ, ਜਿਨ੍ਹਾਂ ਦੇ ਹਿਰਦੇ ਅੰਦਰ ਸੇਵਾ-ਭਾਵਨਾ ਤੇ ਲੋਕ-ਭਲਾਈ ਵਰਗੇ ਜਜ਼ਬਿਆਂ ਦਾ ਹੜ੍ਹ ਆਇਆ ਹੋਇਆ ਸੀ। ਆਪ, ਆਪਣੇ ਆਪ ਨੂੰ ਅਕਾਲ ਪੁਰਖ ਦਾ ਸੇਵਕ ਤੇ ਖ਼ਾਲਿਕ ਦੀ ਖ਼ਲਕਤ ਦਾ ਸੇਵਾਦਾਰ ਸਮਝਦੇ ਸਨ। ਇਸੇ ਲਈ ਆਪ ਜੀ ਦੀ ਰਚਨਾ ਵਿਚ ਸੇਵਾ ਦੀ ਬੜੀ ਮਹੱਤਤਾ ਬਿਆਨ ਕੀਤੀ ਗਈ ਹੈ। ਆਪ ਦਾ ਰੱਬ ਰਾਜ-ਮਹਿਲਾਂ ਦਾ ਵਸਨੀਕ ਨਹੀਂ ਸੀ, ਸਗੋਂ ਗਰੀਬਾਂ, ਕਮਜ਼ੋਰਾਂ ਤੇ ਹੀਣਾਂ, ਲਤਾੜਿਆਂ ਹੋਇਆਂ ਦੀਆਂ ਝੁੱਗੀਆਂ ਵਿਚ ਵਾਸ ਕਰਨ ਵਾਲਾ ਸੀ। ਆਪ ਨੇ "ਬਚਿੱਤ੍ਰ ਨਾਟਕ" ਵਿਚ ਲਿਖਿਆ ਹੈ ਕਿ ਉਹ ਚਾਹੁੰਦੇ ਸਨ ਕਿ ਅਕਾਲ ਪੁਰਖ ਦੇ ਚਰਨਾਂ ਵਿਚ ਹੀ ਰਹਿਣ, ਪਰ ਜਦੋਂ ਉਹਨਾਂ ਨੂੰ ਕਿਸੇ ਵਿਸ਼ੇਸ਼ ਮਨੋਰਥ ਦੀ ਪੂਰਤੀ ਲਈ ਮਾਤ-ਲੋਕ ਵਿਚ ਆਉਣ ਦਾ ਆਦੇਸ਼ ਮਿਲਿਆ, ਤਾਂ ਉਹ ਹੁਕਮ-ਅਦੂਲੀ ਕਿਵੇਂ ਕਰਦੇ। ਆਪ ਨੇ ਲਿਖਿਆ ਹੈ—

ਚਿਤ ਨ ਭਯੋ ਹਮਰੋ ਆਵਨ ਕਹ ॥ ਚੁਭੀ ਰਹੀ ਸ੍ਰੁਤਿ ਪ੍ਰਭੁ ਚਰਨਨ ਮਹਿ ॥੫॥

(ਬਚਿੱਤ੍ਰ ਨਾਟਕ, ਅਧਿ: ੬)

ਜਦੋਂ ਆਪ ਨੇ ਸੰਸਾਰ ਵਿਚ ਆ ਕੇ ਸੇਵਾ ਕਰਨ ਤੇ ਬਦੀ ਵਿਰੁਧ ਸੰਘਰਸ਼ ਕਰਨ ਦੀ ਚੋਣ ਕੀਤੀ ਤਾਂ ਇਹ ਕਾਰਜ ਵੀ ਆਪ ਨੇ ਅਕਾਲ ਪੁਰਖ ਦੀ ਆਗਿਆ ਤੇ ਸਹਾਇਤਾ ਨਾਲ ਹੀ ਨੇਪਰੇ ਚਾੜ੍ਹੇ। ਜੇਕਰ ਆਪ ਨੂੰ "ਯੁੱਧ ਭੂਮੀ" ਵਿਚ ਵੀ ਜਾਣਾ ਪਿਆ ਤਾਂ ਮੁਖੋਂ "ਵਾਹਿਗੁਰੂ" ਦਾ ਨਾਮ ਹੀ ਉਚਾਰਿਆ। ਆਪ ਐਸੇ ਰਹੱਸ-ਵਾਦੀ ਸਨ, ਜਿਨ੍ਹਾਂ ਦਾ ਧਰਮ, ਉਨ੍ਹਾਂ ਦੇ ਨਿਤ-ਕਰਮ ਵਿਚੋਂ ਝਲਕਾਂ ਮਾਰਦਾ ਸੀ। ਆਪ ਨੇ ਲਿਖਿਆ ਹੈ—

ਧੰਨ ਜੀਉ ਤਿਹ ਕੋ ਜਗ ਮੈ, ਮੁਖ ਤੇ ਹਰਿ, ਚਿਤ ਮੈ ਜੁਧੁ ਬਿਚਾਰੈ ॥
ਦੇਹ ਅਨਿਤ ਨ ਨਿਤ ਰਹੈ, ਜਸੁ ਨਾਵ ਚੜੈ ਭਵ ਸਾਗਰ ਤਾਰੈ ॥
ਧੀਰਜ ਧਾਮ ਬਨਾਇ ਇਹੈ ਤਨ, ਬੁਧਿ ਸੁ ਦੀਪਕ ਜਿਉ ਉਜੀਆਰੈ ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ, ਕਾਤਰਤਾ ਕੁਤਵਾਰ ਬੁਹਾਰੈ ॥੨੪੯੨ ॥

(ਕ੍ਰਿਸ਼ਨਾ ਅਵਤਾਰ)

ਇਸੇ ਦ੍ਰਿਸ਼ਟੀਕੋਣ ਸਦਕਾ ਗੁਰੂ ਸਾਹਿਬ ਨੇ ਘਮਸਾਨ ਦੀਆਂ ਲੜਾਈਆਂ ਸਮੇਂ ਵੀ ਆਪਣਾ ਨਿਤ-ਨੇਮ ਤੇ ਸਤ-ਸੰਗਤਿ ਦੇ ਜੋੜ-ਮੇਲ ਨੂੰ ਕਦੇ ਨਹੀਂ ਤਿਆਗਿਆ। ਇਸ ਦਾ ਪ੍ਰਮਾਣ ਇਤਿਹਾਸ 'ਚੋਂ ਮਿਲ ਜਾਂਦਾ ਹੈ। ਆਨੰਦਪੁਰ ਸਾਹਿਬ ਛੱਡਣ ਸਮੇਂ ਜਦੋਂ ਗੁਰੂ ਸਾਹਿਬ ਆਪਣੇ ਸਿੰਘਾਂ ਨਾਲ ਅੱਗੇ ਵਧ ਰਹੇ ਸਨ ਤੇ ਸ਼ਤਰੂ-ਫੌਜਾਂ ਪਿੱਛਾ ਕਰ ਰਹੀਆਂ ਸਨ ਤਾਂ ਵੀ ਗੁਰੂ ਸਾਹਿਬ ਨੇ ਅੰਮ੍ਰਿਤ ਵੇਲੇ ਦਾ ਸਤਿਸੰਗ ਨਹੀਂ ਖੁੰਝਾਇਆ, ਸਗੋਂ ਸੰਗਤ ਦੇ ਰੂਪ ਵਿਚ ਜੁੜ ਕੇ ਨਿੱਤ-ਨੇਮ ਤੇ ਅਰਦਾਸ ਕੀਤੀ।

ਹਾਲਾਤ ਭਾਵੇਂ ਕਿੰਨੇ ਵੀ ਅਣ-ਸੁਖਾਵੇਂ ਹੋਏ, ਪਰ ਗੁਰੂ ਸਾਹਿਬ ਨੇ ਆਤਮਾ ਦੀਆਂ ਅਧਿਆਤਮਕ-ਲੋੜਾਂ ਦੀ ਕੁਰਬਾਨੀ ਕਦੇ ਵੀ ਨਹੀਂ ਦਿੱਤੀ, ਕਿਉਂਕਿ ਉਨ੍ਹਾਂ ਦਾ ਉਪਦੇਸ਼ ਸੀ ਕਿ ਔਖੇ ਸਮੇਂ ਉਤੇ ਕੇਵਲ


www.AKJ.Org

ਅਧਿਆਤਮਕ ਭੋਜਨ ਹੀ ਮਨੁਖ ਦੀ ਤ੍ਰਿਪਤੀ ਕਰ ਸਕਦਾ ਹੈ। ਆਪ ਨੇ ਸਮੁੱਚੀ ਜ਼ਿੰਦਗੀ ਅਕਾਲ ਪੁਰਖ ਨੂੰ ਸਮਰਪਣ ਕੀਤੀ ਹੋਈ ਸੀ। ਉਹ ਤ੍ਰਿਸ਼ਨਾਵਾਂ, ਲਾਲਸਾਵਾਂ, ਹਉਮੈ ਆਦਿ ਤੋਂ ਬਿਲਕੁਲ ਮੁਕਤ ਸਨ। ਇਸੇ ਲਈ ਉਹ ਹੱਦ ਦਰਜੇ ਦੇ ਨਿਰਮਾਣ ਸਨ। ਆਪ ਨੇ ਆਪਣੀ ਰਚਨਾ ਵਿਚ ਆਪਣੇ ਲਈ 'ਕੀਟ', 'ਦਾਸ' ਤੇ 'ਸੇਵਕ' ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ। ਜਦੋਂ ਕਦੀ ਬਦੋ-ਬਦੀ ਗੱਲ ਪਈਆਂ ਲੜਾਈਆਂ ਵੀ ਜਿੱਤੀਆਂ ਤਾਂ ਵੀ ਉਨ੍ਹਾਂ ਨੂੰ ਆਪਣੀ ਜਿੱਤ ਨਹੀਂ ਕਿਹਾ, ਸਗੋਂ ਅਕਾਲ ਪੁਰਖ ਦੀ ਕਿਰਪਾ ਮੰਨੀ। ਜਦੋਂ ਅਤਿ-ਖ਼ਤਰਨਾਕ ਹਾਲਾਤ ਵਿਚੋਂ ਸੁਰੱਖਿਅਤ ਨਿਕਲੇ ਤਾਂ ਵੀ ਇਸ ਨੂੰ ਵਾਹਿਗੁਰੂ ਦੀ ਬਖ਼ਸ਼ਸ਼ ਪ੍ਰਵਾਨਿਆ। ਆਪ ਦਾ ਫੁਰਮਾਨ ਹੈ—

ਭਈ ਜੀਤ ਮੇਰੀ ॥ ਕ੍ਰਿਪਾ ਕਾਲ ਕੇਰੀ ॥੩੪॥ (ਬਚਿੱਤ੍ਰ ਨਾਟਕ, ਅਧਿ: ੮)

ਇਕ ਹੋਰ ਥਾਂ ਆਪਣੀ 'ਨਿਮ੍ਰਤਾ' ਦਾ ਪ੍ਰਗਟਾਵਾ ਇਨ੍ਹਾਂ ਸ਼ਬਦਾਂ ਵਿਚ ਕੀਤਾ—

ਮੇਰੁ ਕਰੋ ਤ੍ਰਿਣ ਤੇ ਮੁਹਿ ਜਾਹਿ ਗਰੀਬ ਨਿਵਾਜ ਨ ਦੂਸਰ ਤੋ ਸੋ ॥
ਭੂਲ ਛਿਮੋ ਹਮਰੀ ਪ੍ਰਭ ਆਪ, ਨ ਭੂਲਨਹਾਰ ਕਹੂੰ ਕੋਊ ਮੋ ਸੋ ॥
ਸੇਵ ਕਰੀ ਤੁਮਰੀ ਤਿਨ ਕੇ ਸਭ ਹੀ, ਗ੍ਰਿਹ ਦੇਖੀਅਤ ਦ੍ਰਬ ਭਰੋਸੋ ॥
ਯਾ ਕਲ ਮੈਂ ਸਭ ਕਾਲ ਕ੍ਰਿਪਾਨ ਕੇ, ਭਾਰੀ ਭੁਜਾਨ ਕੋ ਭਾਰੀ ਭਰੋਸੋ ॥੯੨॥
(ਬਚਿਤ੍ਰ ਨਾਟਕ, ਅਧਿ: ੧)

ਉਨ੍ਹਾਂ ਦੀਆਂ ਨਜ਼ਰਾਂ ਵਿਚ ਹਰ ਸ਼ੁਭ ਕੰਮ ਅਕਾਲ ਪੁਰਖ ਦੇ ਚਰਨਾਂ ਵਿਚ ਨਿਮਾਣੀ ਜਿਹੀ ਭੇਂਟ ਤੁੱਲ ਹੁੰਦਾ ਹੈ। ਇਹ ਗੱਲ ਉਨ੍ਹਾਂ ਦੀ ਇਸ "ਆਦਰਸ਼ਕ ਸਵੱਯੇ" ਤੋਂ ਭਲੀ ਭਾਂਤ ਉਜਾਗਰ ਹੋ ਜਾਂਦੀ ਹੈ—

ਦੇਹ ਸਿਵਾ ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨ ਟਰੋ ॥
ਨ ਡਰੋਂ ਅਰਿ ਸੋ ਜਬ ਜਾਇ ਲਰੋ, ਨਿਸਚੈ ਕਰ ਅਪਨੀ ਜੀਤ ਕਰੋ ॥
ਅਰੁ ਸਿਖ ਹੋਂ ਆਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋ ॥
ਜਬ ਆਵ ਕੀ ਅਉਧ ਨਿਧਾਨ ਬਨੈ, ਅਤ ਹੀ ਰਨ ਮੈ ਤਬ ਜੂਝ ਮਰੋ ॥੨੩੧॥ (ਚੰਡੀ ਚਰਿਤ੍ਰ)

ਗੁਰੂ ਸਾਹਿਬ ਦੇ ਕੀਤੇ ਮਹਾਨ ਕਾਰਜ ਉਨ੍ਹਾਂ ਦੇ ਨਿਜਤਵ ਵਾਸਤੇ ਨਹੀਂ ਸਨ ਹੁੰਦੇ, ਤੇ ਨਾ ਉਹ ਉਨ੍ਹਾਂ ਤੋਂ ਕੋਈ ਜਸ ਜਾਂ ਵਡਿਆਈ ਆਪਣੇ ਨਾਂ ਨਾਲ ਜੋੜਦੇ ਸਨ, ਸਗੋਂ ਆਪ ਦੀਆਂ ਨਜ਼ਰਾਂ ਵਿਚ ਕੀਤੇ ਸਭ ਕਾਰਜ ਲੋਕ-ਭਲਾਈ ਲਈ ਹੀ ਹਨ। ਆਪ ਨੇ ਲੋਕਾਂ ਲਈ ਨੌਂ ਸਾਲਾਂ ਦੀ ਕਿਸ਼ੋਰ ਅਵਸਥਾ ਵਿਚ ਆਪਣੇ ਸਤਿਕਾਰ ਯੋਗ ਪਿਤਾ, ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕੁਰਬਾਨੀ ਦੇਣ ਲਈ ਬੇਨਤੀ ਕੀਤੀ। ਆਪਣੇ ਦੋ ਸਾਹਿਬਜ਼ਾਦੇ ਚਮਕੌਰ ਵਿਚ ਆਪਣੀਆਂ ਨਜ਼ਰਾਂ ਸਾਹਮਣੇ ਮੈਦਾਨ ਵਿਚ ਸ਼ਹੀਦ ਹੁੰਦੇ ਵੇਖੇ ਤੇ ਸੱਤ ਅਤੇ ਨੌਂ ਸਾਲਾਂ ਦੇ ਦੋ ਮਾਸੂਮ ਬੱਚੇ ਧਰਮ ਦੀ ਖ਼ਾਤਰ ਨੀਂਹ ਵਿਚ ਚਿਣਵਾ ਕੇ ਕੌਮੀ-ਮਹਿਲ ਦੀਆਂ ਨੀਹਾਂ ਪੱਕੀਆਂ ਕੀਤੀਆਂ। ਸਤਿਕਾਰ ਯੋਗ ਮਾਤਾ ਜੀ, ਜਾਨ ਤੋਂ ਪਿਆਰੇ ਅਨੇਕਾਂ ਸਿੱਖ ਦੇਸ਼ ਤੋਂ ਵਾਰੇ, ਸਭ ਕੁਝ ਲੁਟਾ ਕੇ ਵੀ ਸਦਾ ਦੀ ਤਰ੍ਹਾਂ ਚੜ੍ਹਦੀਆਂ ਕਲਾਂ 'ਚ ਰਹੇ। ਸਖ਼ਤ ਔਕੜਾਂ ਤੇ ਭਿਆਨਕ ਮੁਸ਼ਕਿਲਾਂ ਸਮੇਂ ਵੀ ਉਨ੍ਹਾਂ ਦੇ ਚਿਹਰੇ ਤੇ ਉਦਾਸੀ ਜਾਂ ਨਿਰਾਸ਼ਾ ਦੀਆਂ ਰੇਖਾਵਾਂ ਨਹੀਂ ਵੇਖੀਆਂ ਗਈਆਂ। ਇਕ ਸੱਚੇ ਕਰਮ-ਯੋਗੀ ਵਾਂਗ ਉਨ੍ਹਾਂ ਦੇ ਸਾਹਮਣੇ ਜਿੱਤ ਜਾਂ ਹਾਰ, ਸਤਿਕਾਰ ਜਾਂ ਤ੍ਰਿਸਕਾਰ, ਖੁਸ਼ੀ ਜਾਂ ਗ਼ਮੀ, ਸੁੱਖ ਜਾਂ ਦੁੱਖ, ਸ਼ਾਹੀ ਠਾਠ ਤੇ ਨੰਗੇ ਪੈਰੀਂ ਜੰਗਲਾਂ ਵਿਚ ਵਿਚਰਨ ਦਾ ਅੰਤਰ ਨਹੀਂ ਸੀ। ਉਹ ਕੁਰਬਾਨੀ ਦੇ ਮੁਜੱਸਮੇ ਸਨ। ਸਮਰੱਥ ਸਤਿਗੁਰੂ ਨੇ ਆਪਣਾ ਸਭ ਕੁਝ ਦੇਸ਼ ਤੇ ਧਰਮ ਲਈ ਵਾਰ ਦਿੱਤਾ। ਉਹ ਆਪਣਾ ਤਾਂ ਕੁਝ ਵੀ ਨਹੀਂ ਸਨ ਸਮਝਦੇ। ਉਨ੍ਹਾਂ ਦਾ ਨਿਸਚਾ "ਜੋ ਕਿਛੁ ਹੈ ਸੋ ਤੇਰਾ" ਵਿਚ ਪਰਪੱਕ ਸੀ। ਇਕ ਵਾਰੀ ਇਕ ਵਿਅਕਤੀ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਇਆ। ਉਹ ਆਪਣੀ ਅਖੌਤੀ ਨੀਵੀਂ ਜਾਤ "ਕਲਾਲ" ਸਮਝ ਕੇ ਦੂਰ ਹੀ ਖੜਾ ਰਿਹਾ। ਗੁਰੂ ਸਾਹਿਬ ਨੇ ਉਸ ਨੂੰ ਆਪਣੇ ਪਾਸ ਬੁਲਾ ਕੇ ਗਲਵਕੜੀ ਵਿਚ ਲਿਆ ਤੇ ਕਿਹਾ, ਤੂੰ 'ਕਲਾਲ' ਨਹੀਂ,


www.AKJ.Org

'ਗੁਰੂ ਦਾ ਲਾਲ' ਹੈ। ਜ਼ਾਤ ਦੇ ਅਖੌਤੀ ਭੇਦ-ਭਾਵ ਨੂੰ ਮਿਟਾਉਣ ਦੀ ਇਸ ਤੋਂ ਵਧੀਆ ਮਿਸਾਲ ਇਤਿਹਾਸ 'ਚੋਂ ਮਿਲਣੀ ਮੁਸ਼ਕਿਲ ਹੈ। ਗੁਰੂ ਸਾਹਿਬ ਮਨ, ਬਚਨ ਤੇ ਕਰਮ ਕਰਕੇ ਸੱਚ-ਸਰੂਪ ਸਨ। ਆਪ ਲਈ ਧਨ, ਦੌਲਤ, ਨਾਮਣਾ, ਸੁਹੱਪਣ ਤੇ ਪ੍ਰਤਿਭਾ ਆਦਿ ਵਡਿਆਈਆਂ ਸਭ ਤੁੱਛ ਸਨ, ਕਿਉਂਕਿ ਇਹ ਸਭ ਬਿਨਸਨਹਾਰ ਹਨ। ਸੱਚ ਦਾ ਰਸਤਾ ਫੁੱਲਾਂ ਨਾਲ ਸ਼ਿੰਗਾਰਿਆ ਨਹੀਂ ਹੁੰਦਾ, ਸਗੋਂ ਕੰਡਿਆਂ ਨਾਲ ਭਰਪੂਰ ਹੁੰਦਾ ਹੈ। ਇਸ ਰਾਹ 'ਤੇ ਚੱਲਣ ਵਾਲਿਆਂ ਨੂੰ ਔਕੜਾਂ, ਮੁਸ਼ਕਲਾਂ ਤੇ ਮੁਸੀਬਤਾਂ ਦਾ ਟਾਕਰਾ ਕਰਨਾ ਪੈਂਦਾ ਹੈ। ਪਰ ਮਨੁੱਖੀ-ਜੀਵਨ ਦਾ ਮੁੱਢਲਾ-ਸੱਚ ਇਹੋ ਹੀ ਹੈ। ਜੋ ਇਸ ਮੁੱਢਲੇ-ਸੱਚ ਤੋਂ ਅੱਖਾਂ ਮੀਟ ਲੈਂਦੇ ਹਨ, ਉਹ ਸਫਲਤਾਵਾਂ ਪ੍ਰਾਪਤ ਨਹੀਂ ਕਰ ਸਕਦੇ। ਉਹ ਤਾਂ ਫ਼ਰਜ਼ਾਂ ਨਾਲੋਂ ਹੱਕਾਂ ਉਤੇ ਬਹੁਤਾ ਨਿਰਭਰ ਕਰਦੇ ਹਨ। ਸਮਾਜਿਕ ਖੇਤਰ ਵਿਚ ਸਫਲ ਸੇਵਾ ਕਰਨ ਵਾਸਤੇ ਨਿਧੜਕ ਆਗੂ ਨੂੰ ਬੇਗਰਜ਼ ਸਾਥੀਆਂ ਦੀ, ਜੋ ਹਰ ਪ੍ਰਕਾਰ ਜਾਗਰੂਕ ਹੋਣ ਤੇ ਆਪਣੇ ਆਗੂ ਦੇ ਕਹੇ ਤੇ ਕੁਰਬਾਨੀ ਦੇਣ ਨੂੰ ਤਿਆਰ ਹੋਣ, ਹਰ ਸਮੇਂ ਲੋੜ ਹੁੰਦੀ ਹੈ। ਭਾਰਤ ਨੂੰ ਉਸ ਸਮੇਂ ਐਸੇ ਆਗੂ ਦੀ ਲੋੜ ਸੀ, ਜੋ ਨਾ-ਕੇਵਲ ਨਿਰਣਾਇਕ ਹੋਵੇ, ਸਗੋਂ ਉਸ ਦੀ ਦੂਰਦਰਸ਼ਤਾ, ਵਿਸ਼ਵਾਸ ਤੇ ਭਾਵਨਾਵਾਂ ਗਤੀਸ਼ੀਲ ਹੋਣ। ਉਹ ਵਾਹਿਗੁਰੂ ਤੇ ਉਸ ਦੀ ਖ਼ਲਕਤ ਨਾਲ ਪ੍ਰੇਮ ਕਰਨ ਵਾਲਾ ਹੋਵੇ ਤਾਂ ਹੀ ਉਹ ਆਪਣੇ ਉਤੇ ਯਕੀਨ ਲਿਆਉਣ ਵਾਲਿਆਂ ਨੂੰ, ਧਰਾਤਲ ਤੋਂ ਡਿਗਿਆਂ ਹੋਇਆਂ ਨੂੰ ਉਠਾ ਕੇ ਸਾਵਧਾਨ ਕਰ ਸਕਦਾ ਹੈ।

ਇਹ ਸਾਰੀਆਂ ਹੀ ਖੂਬੀਆਂ ਗੁਰੂ ਸਾਹਿਬ ਦੀ ਜ਼ਾਤ ਵਿਚ ਸਨ। ਆਪ ਨੇ ਭਾਰਤ ਦੇ ਇਤਿਹਾਸ ਵਿਚ ਬੜੀ ਸੂਝ ਤੇ ਦਲੇਰੀ ਨਾਲ ਪ੍ਰਵੇਸ਼ ਕੀਤਾ ਤੇ ਉਸ ਸਾਮਰਾਜ ਨੂੰ ਚਣੌਤੀ ਦਿੱਤੀ, ਜੋ ਅਜਿੱਤ ਸਮਝਿਆ ਜਾਂਦਾ ਸੀ। ਆਪ ਨੇ ਐਸਾ ਇਤਿਹਾਸ ਸਿਰਜਿਆ, ਜਿਸ ਵਿਚ ਧਰਮ ਤੇ ਦੇਸ਼ ਖ਼ਾਤਰ ਰਿਕਾਰਡ ਕੁਰਬਾਨੀਆਂ ਕੀਤੀਆਂ ਗਈਆਂ। ਨਿਸਚੇ-ਭਰੀ ਜਿੱਤ, ਕੁਰਬਾਨੀ ਤੇ ਸ਼ਰਧਾ ਭਗਤੀ ਦੇ ਮਿਲੇ-ਜੁਲੇ ਪ੍ਰਭਾਵਾਂ ਨੇ ਬਹੁਤ ਸਾਰੇ ਲੋਕਾਂ ਨੂੰ ਦੇਸ਼-ਭਗਤ ਯੋਧੇ ਬਣਾ ਦਿੱਤਾ। ਗੁਰੂ ਪਾਤਸ਼ਾਹ ਆਪ ਸਿੰਘ (ਸ਼ੇਰ) ਸਨ ਤੇ ਉਨ੍ਹਾਂ ਸਿੰਘਾਂ ਦੀ ਕੌਮ ਬਣਾ ਦਿੱਤੀ। ਆਪ ਜਦੋਂ ਗਰਜਦੇ ਸਨ ਤਾਂ ਗੀਦੀਆਂ ਦੇ ਪ੍ਰਾਣ ਖੁਸ਼ਕ ਹੋ ਜਾਂਦੇ ਸਨ। ਆਪ ਨੇ ਸਿੱਖਾਂ ਦੇ ਸਰਬ-ਪੱਖੀ ਵਿਕਾਸ ਲਈ ਮਜ਼ਬੂਤ-ਇਖ਼ਲਾਕ ਤੇ ਅਧਿਆਤਮਕ-ਨੀਹਾਂ ਉਤੇ ਉਸਾਰੀ ਕੀਤੀ ਸੀ, ਤਾਂ ਹੀ ਕਵੀਆਂ ਨੇ ਉਨ੍ਹਾਂ ਦਾ ਅਟੱਲ ਵਿਸ਼ਵਾਸ ਦਰਸਾਂਦਿਆਂ ਕਿਹਾ, "ਚਿੜੀਓਂ ਸੇ ਮੈਂ ਬਾਜ ਤੁੜਾਊਂ, ਤਬੀ ਗੋਬਿੰਦ ਸਿੰਘ ਨਾਮ ਕਹਾਊਂ।'

ਨਿੱਡਰਤਾ ਗੁਰੂ ਜੀ ਦੇ ਜੀਵਨ ਦੀ ਮੁੱਖ ਸੁਰ ਸੀ। ਉਨ੍ਹਾਂ ਨੇ ਕਮਜ਼ੋਰਾਂ ਦਬੇਲਾਂ ਤੇ ਡਰਪੋਕਾਂ ਨੂੰ ਨਿਡਰ ਤੇ ਯੋਧੇ ਬਣਾ ਦਿੱਤਾ ਸੀ। ਆਪ ਦੀ ਬੇਮਿਸਾਲ ਦੇਸ਼-ਭਗਤੀ, ਔਕੜਾਂ ਨਾਲ ਜੂਝਣ ਦੀ ਸ਼ਕਤੀ, ਬੁਰਾਈ ਨਾਸ਼ ਕਰਨ ਦਾ ਨਿਸਚਾ ਤੇ ਹਰ ਹਾਲਤ ਵਿਚ ਖਿੜੇ ਮੱਥੇ ਰਹਿਣ ਦੀ ਅਭਿਲਾਸ਼ਾ ਨੇ ਉਨ੍ਹਾਂ ਦੇ ਅਨੁਆਈਆਂ ਅੰਦਰ ਉਨ੍ਹਾਂ ਵਾਸਤੇ ਅਲੌਕਿਕ ਪਿਆਰ ਤੇ ਸਤਿਕਾਰ ਪੈਦਾ ਕਰ ਦਿੱਤਾ ਸੀ।

ਇਤਿਹਾਸ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਆਪ ਦੇ ਸਿੱਖ ਆਪ ਜੀ ਦੀ ਮਹਾਨ ਸ਼ਖਸੀਅਤ ਤੋਂ ਕਿਤਨੇ ਪ੍ਰਭਾਵਤ ਸਨ। "ਲੱਖੀ ਜੰਗਲ" ਵਾਲੀ ਝਾਕੀ ਸਿੱਖਾਂ ਦੀ ਗੁਰੂ ਸਾਹਿਬ ਪ੍ਰਤੀ ਅਪਾਰ ਸ਼ਰਧਾ ਦੀ ਲਾ-ਜੁਆਬ ਉਦਾਹਰਣ ਹੈ। ਗੁਰੂ ਸਾਹਿਬ ਦੇ ਆਪਣੇ ਸ਼ਬਦਾਂ ਵਿਚ ਇਹ ਦ੍ਰਿਸ਼ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ—

"ਲੱਖੀ ਜੰਗਲ ਖਾਲਸਾ ਆਇ ਦੀਦਾਰ ਕੀਤੋ ਨੇ ॥
ਸੁਣ ਕੇ ਸਦ ਮਾਹੀ ਦੀ ਮੇਹੀ ਪਾਣੀ ਘਾਹ ਮੁਤੋ ਨੇ ॥
ਕਿਸੇ ਨਾਲ ਨਾ ਰਲੀਆ ਕਾਈ. ਇਹ ਕੀ ਸ਼ੌਕ ਪਇਉ ਨੇ ॥
ਗਿਆ ਫ਼ਿਰਾਕ ਮਿਲਿਆ ਮਿਤ ਮਾਹੀ, ਤਾਹੀਉਂ ਸ਼ੁਕਰ ਕੀਤੋ ਨੇ ॥"

ਸਿੱਖਾਂ ਦੇ ਦਿਲ ਵਿਚ ਗੁਰੂ ਸਾਹਿਬ ਲਈ ਕਿਤਨਾ ਸਤਿਕਾਰ ਤੇ ਪਿਆਰ ਸੀ, ਇਸ ਦੀ ਇਕ ਮਿਸਾਲ ਮਿਲਦੀ ਹੈ ਕਿ ਇਕ ਸਿੱਖ ਨੇ ਗੁਰੂ ਸਾਹਿਬ ਨੂੰ ਇਕ ਬੰਦੂਕ ਭੇਟ ਕੀਤੀ। ਚੋਜੀ-ਪ੍ਰੀਤਮ ਕਹਿਣ ਲੱਗੇ, "ਮੈਂ ਇਸ


www.AKJ.Org

ਬੰਦੂਕ ਦੀ ਪਰਖ ਕਰਨਾ ਚਾਹੁੰਦਾ ਹਾਂ, ਕੋਈ ਸਿੱਖ ਸਾਹਮਣੇ ਆਵੇ। ਇਕ ਨਹੀਂ, ਅਨੇਕਾਂ ਸਿੱਖ ਆਪਣੇ ਮਾਹੀ ਦੇ ਹਥੋਂ ਬੰਦੂਕ ਦਾ ਨਿਸ਼ਾਨਾ ਬਣਨ ਵਾਸਤੇ ਇਕ ਦੂਜੇ ਦੇ ਅੱਗੇ ਖੜੇ ਹੋਣ ਦੀ ਨਾ-ਕੇਵਲ ਕੋਸ਼ਿਸ਼ ਕਰਨ ਲੱਗੇ, ਸਗੋਂ ਆਪਸ 'ਚਿ ਲੜਨ ਲੱਗੇ। ਹਰ ਇਕ ਇਹੋ ਚਾਹੁੰਦਾ ਸੀ ਕਿ ਮੈਂ ਪਿਆਰੇ ਪ੍ਰੀਤਮ ਕਲਗੀ ਵਾਲੇ ਦੇ ਹਥੋਂ ਨਿਸ਼ਾਨਾ ਬਣਾਂ। ਹੈ ਕੋਈ ਹੋਰ ਐਸੀ ਮਿਸਾਲ ਸੰਸਾਰ-ਇਤਿਹਾਸ ਵਿਚ ?

ਅਤਿਆਚਾਰਾਂ ਤੇ ਤੀਬਰ ਵੇਦਨਾ ਸਮੇਂ ਸਿੱਖਾਂ ਅੰਦਰ ਆਪਣੇ ਧਰਮ ਤੇ ਅਕਾਲ ਪੁਰਖ ਦੀ ਮਹਿਮਾ ਖ਼ਾਤਰ ਅਤਿਆਚਾਰ ਸਹਿਣ ਤੇ ਮਰ-ਮਿਟਣ ਦੀ ਅਪਾਰ ਸਮਰੱਥਾ ਸੀ। ਨਾ-ਕੇਵਲ ਮਰਦ ਸਗੋਂ ਇਸਤ੍ਰੀਆਂ ਤੇ ਬੱਚੇ ਵੀ ਧਰਮ-ਯੁੱਧ ਵਿਚ ਜੂਝੇ। ਕਲਗੀਧਰ ਪਾਤਸ਼ਾਹ ਦੀ ਇਹ ਅੰਮ੍ਰਿਤ ਦੀ ਬਰਕਤ ਸੀ ਕਿ ਉਹ ਕੁਰਬਾਨੀਆਂ ਦੇਣ ਤੋਂ ਝਿਜਕਦੇ, ਥਿੜਕਦੇ ਤੇ ਡਰਦੇ ਹੀ ਨਹੀਂ ਸਨ, ਸਗੋਂ ਗਾਉਂਦੇ ਜਾਂਦੇ ਸਨ :

'ਸਿਰ ਜਾਇ ਤੇ ਜਾਇ, ਮੇਰਾ ਸਿੱਖੀ ਸਿਦਕ ਨਾ ਜਾਇ ॥'

ਕਈ ਮੌਕੇ ਐਸੇ ਆਏ ਜਦੋਂ ਗੁਰੂ ਸਾਹਿਬ ਇਕੱਲੇ ਹੀ ਮੁਸ਼ਕਲਾਂ ਨਾਲ ਜੂਝਣ ਲਈ ਨਿਕਲ ਪੈਂਦੇ। ਉਨ੍ਹਾਂ ਦੇ ਹਿਰਦੇ ਵਿਚ ਅਕਾਲ ਪੁਰਖ ਲਈ ਅਥਾਹ ਪਿਆਰ, ਸਤਿਕਾਰ ਤੇ ਜਜ਼ਬਾ ਸੀ। ਇਕ ਵਾਰੀ ਗੁਰੂ ਸਾਹਿਬ ਨੂੰ ਬਿਲਕੁਲ ਇਕੱਲਾ ਫਿਰਦਿਆਂ ਵੇਖ ਕੇ ਇਕ ਫਕੀਰ ਨੇ ਆਖਿਆ, 'ਨਾ ਡੱਲਾ ਨਾ ਮੱਲਾ ਤੇ ਗੁਰੂ ਫਿਰੇ ਕੱਲਾ।' ਗੁਰੂ ਸਾਹਿਬ ਮੁਸਕਰਾਏ ਤੇ ਕਹਿਣ ਲੱਗੇ, "ਗੁਰੂ ਨਾਲ ਅੱਲ੍ਹਾ, ਗੁਰੂ ਕਦੇ ਵੀ ਨਾ ਕੱਲਾ।"

ਐਸਾ ਫੌਲਾਦੀ ਵਿਅਕਤਿਤਵ ਸੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ, ਜਿਸਦੇ ਭਰੋਸੇ ਉਨ੍ਹਾਂ ਮੁਗਲ ਸਾਮਰਾਜ ਨਾਲ ਲੋਹਾ ਲਿਆ ਤੇ ਉਸਦਾ ਮਾਣ ਤੋੜਿਆ। ਔਕੜਾਂ ਸਗੋਂ ਉਨ੍ਹਾਂ ਦੇ ਇਰਾਦੇ ਨੂੰ ਹੋਰ ਪੱਕਿਆਂ ਕਰਦੀਆਂ ਸਨ। ਉਸ ਮਹਾਨ ਗੁਰੂ ਦੇ ਸਾਹਿਬਜ਼ਾਦੇ ਸਨ ਉਹ, ਜਿਨ੍ਹਾਂ ਨੇ ਆਪਣਾ ਸਿਰ ਤਾਂ ਦੇ ਦਿੱਤਾ ਪਰ ਇਰਾਦਾ ਨਹੀਂ ਸੀ ਛੱਡਿਆ, 'ਸੀਸ ਦੀਆ ਪਰ ਸਿਰਰ ਨ ਦੀਆ।'

ਗੁਰੂ ਸਾਹਿਬ ਨੇ ਲੋਕਾਂ ਦੇ ਦਿਲਾਂ ਅੰਦਰ ਦੇਸ਼ ਲਈ ਪਿਆਰ ਦੀ ਭਾਵਨਾ ਉਜਾਗਰ ਕੀਤੀ। ਲੋਕਾਂ ਦੀ ਢਹਿੰਦੀ ਕਲਾ ਵਾਲੀ ਸੋਚਣੀ ਬਦਲੀ। ਉਨ੍ਹਾਂ ਨੇ ਦੇਸ਼-ਵਾਸੀਆਂ ਅੰਦਰ ਕੌਮਾਂਤਰੀ ਤੇ ਦੇਸ਼-ਭਗਤੀ ਦਾ ਜਜ਼ਬਾ ਜਗਾਇਆ ਤੇ ਜਨਤਾ ਦੀਆਂ ਕਮਜ਼ੋਰ ਹੱਡੀਆਂ ਵਿਚ ਮਰਦਊ ਸ਼ਕਤੀ ਭਰੀ।

ਗੁਰੂ ਸਾਹਿਬ ਦਾ ਅਨੁਭਵ ਸੀ ਕਿ ਦੇਸ਼ ਵਿਚ ਵੱਸਦੇ ਲੋਕਾਂ ਦੀ ਰੁਚੀ ਧਾਰਮਿਕ ਤਾਂ ਹੈ, ਪਰ ਉਹ ਭੈ-ਗ੍ਰਸਤ ਹੋਣ ਕਰਕੇ ਨਿਘਰੇ ਹੋਏ ਹਨ। ਉਹ ਧਾਰਮਕ ਤਾਂ ਹਨ, ਪਰ ਕੌਮੀ ਨਹੀਂ। ਗੁਰੂ ਸਾਹਿਬ ਨੇ ਕੌਮੀਅਤ ਨੂੰ ਹੀ ਧਰਮ ਬਣਾ ਦਿੱਤਾ ਤੇ ਜੋ ਕੁਝ ਕੌਮੀਅਤ ਲਈ ਜ਼ਰੂਰੀ ਸੀ, ਉਹ ਸਭ ਕੁਝ ਨਵੀਂ ਕੌਮ ਦੇ ਧਰਮ ਵਿਚ ਸ਼ਾਮਲ ਕਰ ਦਿੱਤਾ।

ਕਾਸ਼ ! ਗੁਰੂ ਸਾਹਿਬ ਨੂੰ "ਭੁੱਲੜ ਦੇਸ਼ ਭਗਤ" ਕਹਿਣ ਵਾਲਾ ਆਗੂ ਗੁਰੂ ਸਾਹਿਬ ਦੇ 'ਦਰਸ਼ਨ ਤੇ ਸਿਧਾਂਤ' ਨੂੰ ਸਮਝ ਸਕਦਾ !!

---


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟ੍ਰੈਕਟ

| | | | |
|---|---|---|---|
| ਗੁਰਮਤਿ ਬਿਬੇਕ | ੨੦-੦੦ | ਗੁਰਮਤਿ ਸੱਚ ਨਿਰਣੈ | ੨੫-੦੦ |
| ਜੇਲ੍ਹ ਚਿੱਠੀਆਂ ੩੫-੦੦ ਰੰਗਲੇ ਸੱਜਣ | ੨੦-੦੦ | ਸਚਖੰਡ ਦਰਸ਼ਨ | ੭-੫੦ |
| ਗੁਰਮਤਿ ਗੌਰਵਤਾ | ੩੨-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ? | ੭-੫੦ |
| ਅਨਹਦ ਸ਼ਬਦ ਦਸਮ ਦੁਆਰ | ੧੫-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ | ੧੨-੦੦ | ਆਸਤਕ ਤੇ ਨਾਸਤਕ | ੦-੭੫ |
| ਅੰਮ੍ਰਿਤ ਕੀ ਹੈ | ੩-੦੦ | ਨਾਮ ਸੰਬੰਧੀ ਵਿਚਾਰ | ੧-੭੫ |
| ਗੁਰਮਤਿ ਰਮਜ਼ਾਂ | ੨-੫੦ | ਬਾਬਾ ਵੈਦ ਰੋਗੀਆਂ ਦਾ | ੧-੦੦ |
| ਹਉਮੈ ਨਾਵੈ ਨਾਲਿ ਵਿਰੋਧੁ ਹੈ | ੧-੦੦ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਤਿਮਰ ਅਗਿਆਨ ਤੋਂ ਉਜਿਆਰਾ | ੨-੦੦ |





www.AKJ.Org

ਸਾਹਿਬੇ ਕਮਾਲ

# ਗੁਰੂ ਗੋਬਿੰਦ ਸਿੰਘ ਜੀ ਦਾ ਇਕ ਜੀਵਨ ਦ੍ਰਿਸ਼

[ਭਾਈ ਸਾਹਿਬ ਹਰਨਾਮ ਸਿੰਘ ਜੀ 'ਕੋਮਲ', ਲੁਧਿਆਣਾ]

ਪਾਤਾਲਾਂ ਅਕਾਸ ਲਖ ਜਿਤੀ ਧਰਤੀ ਜਗਤ ਸਬਾਇਆ ॥
ਜਿਤੀ ਨਵਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ ॥੩੭॥
(ਵਾਰ : ੧, ਵਾਰਾਂ ਭਾ: ਸਾ: ਭਾ: ਗੁਰਦਾਸ ਜੀ)

ਹਾਂ ਜੀ, ਸੋਹਣੇ ਮਿੱਠੇ ਪ੍ਰੀਤਮ ਸਤਿਗੁਰ—ਧੰਨ ਸਾਹਿਬ ਗੁਰੂ—ਧੁਰਾਂ ਤੋਂ ਵੁਠੇ ਤਰੁਠੇ ਆਏ । ਦਾਤਾਰ ਪ੍ਰਭੂ ਜੀ ਦੇ ਪਠਾਏ ਆਏ ਵਡੇ ਬਾਬਾ ਜੀ ਧੰਨ ਗੁਰੂ ਨਾਨਕ ਸਾਹਿਬ ਜਗਤ-ਨਿਸਤਾਰੇ ਲਈ, ਜੀਵਾਂ ਦੇ ਸੱਚੇ ਉਧਾਰ ਲਈ, ਅਰਸ਼ੋਂ ਕੁਰਸੋਂ—

ਸੁਣੀ ਪੁਕਾਰ ਦਾਤਾਰ ਪ੍ਰਭੁ, ਗੁਰ ਨਾਨਕ ਜਗ ਮਾਹਿ ਪਠਾਇਆ ॥ ਵਾਰ ੧/੨੩

ਦੇ ਮਹਾਂ ਵਾਕ ਅਨੁਸਾਰ ਅਕਾਲ ਪੁਰਖ ਦੀ ਮੇਹਰ ਮੁਜੱਜਮ ਰੂਪ-ਧਾਰੀ ਹੋ ਆਏ । ਜੀ ਆਇਆਂ ਨੂੰ ਸੱਚੇ ਪਾਤਸ਼ਾਹ ਜੀਉ ਜੀ ! ਸਤਿਗੁਰ ਜੀ ਨੇ ਪਹਿਲੇ ਜਾਮੇ ਵਿਚ ਸਤਿਨਾਮ ਦਾ ਚੱਕਰ ਫਿਰਾਇਆ । ਇਸ ਮਹਾਨ ਉਚ ਪ੍ਰਭਾਵੀ ਰੱਬਾਨੀ ਆਦਰਸ਼ ਲਈ ਸੱਚੇ ਪਾਤਸ਼ਾਹ ਜੀ ਨੇ ਉਦਾਸੀਆਂ ਧਾਰਨ ਕਰਿ, ਚਹੁੰ ਕੁੰਟੀ ਆਪ ਜਾ ਜਾ ਕੇ ਚੰਦਨ-ਛੁਹਾਂ ਲਾਈਆਂ, ਰੂਹਾਂ ਮਹਿਕਾਈਆਂ, ਸੁਰਜੀਤ ਕਰਿ ਕਰਿ ਮਹਿਕਾਈਆਂ, ਰੌਆਂ ਰੁਮਕਾ ਕੇ ਨਾਮ ਦਾ ਅਤੁਟ ਪਰਵਾਹ ਬਖਸ਼ਿਆ । ਦੂਰ ਤਾਈਂ ਦੇਸ਼-ਦੇਸ਼ਾਤਰਾਂ ਵਿਚ ਰਟਨ ਕਰ ਕੇ ਲੁਕਾਈ ਦੇ ਭਰਮਾਂ ਦੇ ਛੋੜ ਕਟੇ ।

ਇਸ ਮਹਾਨ ਆਦਰਸ਼ ਨੂੰ ਹਰ ਵਸੀਲੇ ਦਸੋਂ ਪਾਤਸ਼ਾਹੀਆਂ ਨੇ ਪਰਚਾਰਿਆ । ਤੀਜੇ ਜਾਮੇ ਵਿਚ ਸੱਚੇ ਪਾਤਸ਼ਾਹ ਜੀ ਨੇ ਬਾਈ ਮੰਜੀਆਂ ਕਾਇਮ ਕੀਤੀਆਂ । ਸੱਚ ਦੇ ਪਰਚਾਰ ਹਿਤ, ਵਖੋ ਵੱਖਰੇ ਮੁਕਾਮਾਂ ਉਪਰ ਏਹ ਗੁਰਮੁਖ ਚੰਦਨ ਦੇ ਬੂਟਿਆਂ ਵਾਂਗੂ ਆਪਣੇ ਆਲੇ ਦੁਆਲੇ ਜੀਵਨ-ਸੁਗੰਧਾਂ ਖਿਲਾਰਦੇ ਸੰਗਤਾਂ ਨੂੰ ਸਤਿਗੁਰੂ ਪ੍ਰਾਇਣ ਕਰਿ, ਸੋਹਣੇ ਮਿਠੇ ਸ੍ਰੀ ਵਾਹਿਗੁਰੂ ਜੀ ਨਾਲ ਜੋੜਨ ਦੇ ਤੱਤ ਪਰਉਪਕਾਰੀ ਕ੍ਰਿਸ਼ਮੇ ਦਰਸਾਉਂਦੇ ਰਹੇ, ਇਹ ਸੇਵਾ ਸਤਿਗੁਰੂ ਜੀ ਚੁਣ-ਕਢੇ ਲਧੇ-ਵਾਰੇ ਗੁਰਮੁਖ ਜੋਗੀਸ਼ਰਾਂ ਨੂੰ ਬਖਸ਼ਦੇ ਰਹੇ ।

**ਗੁਰਮਤਿ ਪਰਚਾਰ**—ਪਿਆਰੇ ਰੱਬ ਜੀ ਨਾਲ ਜੋੜਨ, ਸੱਚ ਦੇ ਪ੍ਰਕਾਸ਼, ਜੀਵਨ ਭੁਗਤ, ਜੁਗਤ ਦੇ ਅਰਸ਼ੀ ਚਮਤਕਾਰ, ਨਾਮ ਰੰਗਾਂ ਦੇ ਸੱਚੇ ਵਿਗਾਸ ਵਿਸਮਾਦਕ ਅਸਚਰਜਤਾ ਵਿਚ ਜ਼ਹੂਰ ਪਜ਼ੀਰ ਹੋਏ । ਇੰਜ ਅਰਸ਼ਾਂ ਕੁਰਸਾਂ ਤੋਂ ਸ੍ਰੀ ਵਾਹਿਗੁਰੂ ਜੀ ਦੇ ਪਠਾਏ ਸਤਿਗੁਰਾਂ ਨੇ—

ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ ॥
ਸਗਲ ਸਮੂਹ ਲੈ ਉਧਰੇ ਨਾਨਕ——ਪੂਰਨ ਬ੍ਰਹਮੁ ਪਛਾਤਾ ॥੨॥੨੧॥
(ਦੇਵ ਗੰਧਾਰੀ ਮ: ੫, ਪੰਨਾ ਪ੩੨

ਦੇ ਮਹਾਂ ਵਾਕ ਨੂੰ ਸਫਲਾਇਆ । ਹਾਂ ਜੀ ! ਸੁਭਾਗੇ ਜੀਵਾਂ ਦੇ ਪੁਰਬ ਕਰਮੀ ਅੰਕੁਰ ਪ੍ਰਗਟ ਹੋਏ, ਸੁਭਾਗ ਜਾਗੇ ਤੇ ਉਹ ਬਖਸ਼ਸ਼ਾਂ ਦੇ ਪਾਤਰ ਬਣੇ, ਘਾਲਾਂ ਥਾਏਂ ਪਈਆਂ, ਬਿਨੰਤੀਆਂ ਦਰਗਾਹੇ ਪਰਵਾਨ ਹੋਈਆਂ, ਅਤੇ ਭਾਗ ਸੁਲੱਖਣੇ ਥੀਏ । ਅਸਮਾਨੀ ਬਦਲਾਂ ਵਡੇ ਰੱਬੀ ਪਰਉਪਕਾਰੀ ਗੁਰੂ ਪਾਤਸ਼ਾਹੀਆਂ ਨੇ ਸਖਣੇ ਭਰ ਦਿਤੇ । ਵਾਹ ! ਵਾਹ !!

ਪੰਜਵੇਂ ਜਾਮੇ ਸਤਿਗੁਰੂ ਜੀ ਨੇ ਪਰਚਾਰ ਲਈ ਉਸੇ ਸਿਲਸਿਲੇ ਨੂੰ ਹੋਰ ਰੂਪ ਦਿਤਾ—ਮਸੰਦ ਕਾਇਮ ਕੀਤੇ, ਵਖੋ ਵਖਰੇ ਪਾਸਿਆਂ ਵੰਨੀ ਗੁਰੂ ਕੇ ਮਸੰਦ ਪਰਚਾਰ ਦੀ ਸੇਵਾ ਕਰਨ ਲਗੇ । ਉਹਨਾਂ ਦੇ ਜ਼ਿੰਮੇ ਗੁਰਸਿੱਖਾਂ ਦਾ ਪਰਚਾਰ, ਕਾਰ-ਭੇਟ ਦਸਵੰਧ ਲੈ ਕੇ ਗੁਰੂ-ਹਜ਼ੂਰੀ ਵਿਚ ਸੇਵਾ ਨਿਭਾਉਂਦੇ ਰਹੇ । ਪ੍ਰੰਤੂ ਮਾਣ-ਵਡਿਆਈਆਂ, ਮਾਇਆ ਅਤੀ ਪ੍ਰਬਲ ਹੈ । ਚੰਗੇ ਚੰਗੇ ਤਪੱਸਵੀ, ਹੱਠੀ, ਜੋਗੀ, ਤਪੀ, ਜੱਤੀ ਇਹਦੇ ਅਨਿਕ ਪ੍ਰਕਾਰੀ ਤਰੰਗੀ


www.AKJ.Org

ਤੋਂ ਨਾ ਬਚ ਸਕੇ। ਸੋ ਇਹ ਮਾਇਆ (co salled) ਗੁਰੂ ਕਿਆਂ, ਅਖਾਉਤੀ ਗੁਰੂ ਕਿਆਂ, ਵਾਸਤਵ ਵਿਚ ਹੁਣ ਮਾਇਆ ਕਿਆਂ ਮਸੰਦਾਂ ਪੁਰ ਭੀ ਵਿਆਪ ਗਈ। ਸਣੇ ਸਣੇ ਸਤਿਗੁਰੂ ਜੀ ਦੀ ਥਾਂ ਨਿਜ ਦੀ ਅਤੇ ਪੇਟ ਦੀ ਪੂਜਾ ਕਰਾਉਣ ਲਗੇ। ਟਾਵਾਂ ਟਾਵਾਂ ਗੁਰੂ ਦਾ ਲਾਲ ਮਸੰਦਾਂ ਵਿਚੋਂ ਰਹਿ ਗਿਆ, ਬਾਕੀ ਸਮੂਹ ਮਾਇਆ ਦੇ ਰੰਗ ਬਰੰਗੀ ਛਲਾਵਿਆਂ ਵਿਚ ਛਲੇ ਗਏ।

**ਧਰਮ ਦੇ ਪੜਦੇ ਹੇਠ ਅਧਰਮ—**

ਮੁਨਿ ਜੋਗੀ ਸਾਸਤ੍ਰਗਿ ਕਹਾਵਤ ਸਭ ਕੀਨ੍ਹੇ ਬਸਿ ਅਪਨਹੀ ॥
ਤੀਨਿ ਦੇਵ ਅਰੁ ਕੋੜਿ ਤੇਤੀਸਾ ਤਿਨ ਕਿ ਹੈਰਤਿ ਕਛੁ ਨ ਰਹੀ ॥੧॥
ਬਲਵੰਤਿ ਬਿਆਪਿ ਰਹੀ ਸਭ ਮਹੀ ॥
ਅਵਰੁ ਨ ਜਾਨਸਿ ਕੋਊ ਮਰਮਾ ਗੁਰ ਕਿਰਪਾ ਤੇ ਲਹੀ ॥੧॥ਰਹਾਉ॥
ਜੀਤਿ ਜੀਤਿ ਜੀਤੇ ਸਭਿ ਥਾਨਾ ਸਗਲ ਭਵਨ ਲਪਟਹੀ ॥
ਕਹੁ ਨਾਨਕ ਸਾਧ ਤੇ ਭਾਗੀ ਹੋਇ ਚੇਰੀ ਚਰਨ ਗਹੀ ॥੨॥੬॥੧੪॥

[ਗੂਜਰੀ ਮਹਲਾ ੫, ਪੰਨਾ ੪੯੮

ਸਤਿਗੁਰੂ—ਧੰਨ ਗੁਰੂ ਨਾਨਕ ਸਾਹਿਬ ਜੀਉ ਨੇ ਜਗਤ ਜਲੰਦੇ ਵਿਚ ਠੰਡ ਪਾਣ ਲਈ, ਵਿਸ਼ਵ-ਨਿਸਤਾਰੇ ਲਈ ਦਸਵਾਂ ਜਾਮਾ ਧਾਰਿਆ ਹੈ—ਜਿਗਾਹ ਕਲਗੀਆਂ ਵਾਲਾ ਗੁਰੂ ਨਾਨਕ, ਫੌਜਾਂ ਬਾਜਾਂ ਵਾਲਾ ਗੁਰੂ ਨਾਨਕ ਧੰਨ ਧੰਨ ਸਾਹਿਬ ਗੁਰੂ ਨਾਨਕ ਰੂਪ ਧਾਰੀ ਹੋ, ਧੰਨ ਗੁਰੂ ਗੋਬਿੰਦ ਸਿੰਘ ਨਾਉਂ ਧਰਾਇਆ ਹੈ। ਰਣਜੀਤ ਨਗਾਰੇ ਦੀ ਚੋਟ ਨਾਲ ਆਪਣਾ ਜੀਵਨ-ਮਨੋਰਥ ਵਰਨਣ ਕੀਤਾ :—

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖੀਅਨ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ, ਸੰਤ ਉਬਾਰਨ ॥ ਦੁਸਟ ਸਭਨਿ ਕੋ ਮੂਲ ਉਪਾਰਨ ॥੪੩॥

(ਬਚਿਤ੍ਰ ਨਾਟਕ, ਅਧਿ: ੬)

ਬਿਕ੍ਰਮੀ ੧੭੫੮ ਦਾ ਸਮਾਂ ਹੈ। ਇਸ ਸਾਡੇ ਸੋਹਣੇ ਪ੍ਰੀਤਮ, ਮਨਮੋਹਣੇ, ਮਿਠ-ਬੋਲੜੇ, ਸੁਗੰਧ-ਤ੍ਰਕੋਲੜੇ ਜੀਉ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਇਕ ਗਰੀਬ ਸਿਦਕੀ ਸਿਖ—ਗੁਰਸਿੱਖਾਂ ਦੀ ਸੇਵਾ ਵਿਚ ਆਪਾ ਨਿਛਾਵਰ ਕਰਨਹਾਰਾ, ਰੱਬ ਗੁਰੂ ਦੇ ਨਾਮ ਪੁਰ ਸਦਕੇ ਥੀਵਣ ਵਾਲਾ ਜਗਿਆਸੂ ਗੁਰੂ ਕੀ ਭੈ-ਭਾਵਨੀ ਵਿਚ ਨਿਪੁੰਨ ਸ਼ਿਕਾਰਪੁਰ ਦੇ ਵਸੇਬੇ ਵਿਚ ਇਕ ਪਿੰਡੀਂ ਵਸਦਾ ਸੀ। ਇਸ ਪਾਸੇ ਚੇਤੋ ਮਸੰਦ ਦਾ ਦੌਰਾ ਹੁੰਦਾ ਸੀ। ਮਸੰਦਾਂ ਵਿਚ ਇਤਨੀ ਗਿਰਾਵਟ ਆ ਚੁਕੀ ਸੀ ਕਿ ਇਸ ਗਰੀਬ ਦੀ ਹੱਡ-ਬੀਤੀ ਦਾ ਨਕਸ਼ਾ ਲੂੰ-ਕੰਡੇ ਕਰਨਹਾਰਾ ਹੈ।

ਮਸੰਦ ਜੀ ਮਹਾਰਾਜ ਆਪਣੀ ਕਾਰ ਭੇਟ ਉਗਰਾਉਣ ਲਈ ਦੌਰੇ ਪੁਰ ਚੜ੍ਹੇ, ਦੋ ਘੋੜੀਆਂ ਅਤੇ ਨਾਲ ਵਛੇਰੇ ਭੀ ਹਨ, ਦੋ ਤਿੰਨ ਦਾਸ, ਤਿੰਨ ਚਾਰ ਕੁੱਤੇ, ਸਭ ਤੋਂ ਦੁਰਦਸ਼ਾ ਵਾਲੀ ਗੱਲ ਇਹ ਕਿ ਇਕ ਵੇਸਵਾ ਭੀ ਨਾਲ ਹੈ। ਇਹ ਗਰੀਬ ਸਿਖ ਪਹਿਲਾ ਨਿਸ਼ਾਨਾ ਬਣਿਆ। ਏਹ ਸਾਰਾ ਲਾਉ-ਲਸ਼ਕਰ ਏਹਦੇ ਘਰ ਆ ਉਤਰਿਆ। ਆਪੂੰ ਸਿਖ ਬਾਹਰ ਖੇਤਾਂ ਵਿਚ ਕਿਰਤ ਕਰਨ ਗਿਆ ਹੋਇਆ ਸੀ। ਸਿਖਣੀ ਨਿਮਾਣੀ ਨੇ ਗੁਰੂ ਕੇ ਆਏ ਸੁਣ ਦਰਵਾਜ਼ੇ ਬਾਹਰ ਹੀ ਆ ਮੱਥਾ ਟੇਕਿਆ ਅਤੇ ਬੇਨਤੀ ਕੀਤੀ ਕਿ ਆਓ ਜੀਅ ਆਇਆਂ ਨੂੰ! ਤੁਸਾਂ ਦੇ ਸੇਵਕ ਆਪੂੰ ਤਾਂ ਘਰ ਨਹੀਂ, ਮੈਂ ਸਾਰਾ ਪ੍ਰਬੰਧ ਕਰ ਦੇਂਦੀ ਹਾਂ।

ਇਤਨੀ ਗੱਲ ਸੁਣਿ ਮਸੰਦ ਹੋਰੀਂ ਲੋਹੇ ਲਾਖੇ ਹੋ ਕੇ ਬੋਲੇ, "ਹੇ ਗੁਰੂ ਮਾਰੇ ਨਿਭਾਗੇ, ਤੇਰੇ ਘਰ ਗੁਰੂ ਕੇ ਚਲ ਕੇ ਆਏ, ਤੂੰ ਘਰ ਨਾ ਰਹਿਓਂ।" ਗਰੀਬਣੀ ਸਿਖਣੀ ਨੂੰ ਹੁਕਮ ਦਿਤਾ ਕਿ ਛੇਤੀ ਉਤਾਰੇ ਦਾ ਸਾਮਾਨ

ਕਰੋ......ਉਸ ਵਿਚਾਰੀ ਕੰਬਦੀ ਕੰਬਦੀ ਨੇ ਸਫ਼ਾਈ, ਛਿੜਕਾਉ ਕਰ ਕੇ ਬੜੇ ਉਤਸ਼ਾਹ ਨਾਲ ਪਲੰਘ ਲਿਆ ਵਿਛਾਇਆ। ਉਪਰ ਵਿਛਾਈ ਕਰ ਮਸੰਦ ਜੀ ਮਹਾਰਾਜ ਨੂੰ ਬਿਰਾਜਮਾਨ ਕਰਾਇਆ। ਹੋਰ ਮੰਜੇ ਡਾਹੇ। ਉਹਨਾਂ ਮੰਜਿਆਂ ਨੂੰ ਤੱਕ ਨੱਕ ਚਾੜ੍ਹ ਕੇ ਮਸੰਦ ਹੋਰਾਂ ਨੇ ਕ੍ਰੋਧ ਵਿਚ ਆ ਕੇ ਹਲਕਾ ਜਿਹਾ ਮੰਜਾ ਚੱਕ ਕੇ ਪਰਾਂ ਵਗਾਹ ਕੇ ਮਾਰਿਆ, ਜਿਹੜਾ ਟੁਟ ਟੱਟ ਗਿਆ।

ਹੁਕਮ ਕੀਤੋਸੁ ਨਿਵਾਰੀ ਪਲੰਘ ਲੈ ਆਓ, ਬੇਗਮ ਵਾਸਤੇ। ਸੋ ਵਿਚਾਰੀ ਸਿਖਣੀ ਨੇ ਆਂਢ-ਗੁਆਂਢ ਤੋਂ ਮੰਗ ਕੇ ਹੋਰ ਨਿਵਾਰੀ ਮੰਜੇ ਲਿਆ ਵਿਛਾਏ। ਫੇਰ ਆਪੂੰ ਰਸਦ ਪਾਣੀ ਦੇ ਆਹਰ ਲਗੀ ਤਾਂ ਸ੍ਰੀ ਮਸੰਦ ਸਾਹਿਬ ਜੀ ਵਲੋਂ ਬੇਗਮ ਸਾਹਿਬ ਨੂੰ ਘੁਟਣ ਦਬਾਉਣ ਦਾ ਹੁਕਮ ਹੋਇਆ ਤਾਂ ਉਸ ਗੁਰਸਿਖ ਦੀ ਇਕ ਬੀਬੀ ਬੇਗਮ ਸਾਹਿਬਾ ਦੀ ਸੇਵਾ ਕਰਨ ਲਗੀ ਅਤੇ ਦੂਜੀ ਖੇਤਹੀਂ ਪਿਤਾ ਨੂੰ ਬੁਲਾਵਣ ਗਈ।

ਘੋੜਿਆਂ ਲਈ ਘੀ ਦਾ ਨਾਰਾ, ਕੁੱਤਿਆਂ ਲਈ ਮਾਸ ਮਿਸਾਲਾ ਸਭ ਕੁਝ ਲੈ ਆਣ ਲਈ ਫੁਰਮਾਨ ਹੋਇਆ। ਸੋ ਗਰੀਬ ਸਿਖਣੀ ਤਾਂ ਬੇ-ਹੌਸਲਾ ਜਿਹੀ ਹੋਈ ਫਿਰੇ, ਇਤਨੇ ਨੂੰ ਸਿਖ ਖੇਤਾਂ ਤੋਂ ਆ ਗਿਆ। ਸ੍ਰੀ ਮਸੰਦ ਜੀ ਦੇ ਚਰਨਾਂ ਪੁਰ ਮੱਥਾ ਟੇਕਿਆ ਤਾਂ ਮਸੰਦ ਨੇ ਕੜਕ ਕੇ ਕਿਹਾ :—

"ਓ ਨਿਭਾਗੇ, ਗੁਰੂ ਕੇ ਤੇਰੇ ਘਰ ਆਏ ਤੇ ਤੂੰ ਘਰ ਨਾ ਰਹਿਓਂ ॥"......

ਇਹ ਵਿਚਾਰਾ ਗੁਸਤਾਖ਼ੀ ਦੀ ਖਿਮਾ ਦੇ ਤਰਲੇ ਲੈਂਦਾ, ਇਸ ਉਪਰੋਂ ਗੁਰੂ ਦਾ ਨਾਮ ਲੈ ਲੈ ਅੰਦਰੋਂ ਵਿਭਚਾਰੀ ਪ੍ਰਵਿਰਤੀ ਦੁਸ਼ਟ ਦੇ ਹੁਕਮਾਂ ਦੀ ਪਾਲਣਾ ਵਿਚ ਲੱਗਾ—ਪ੍ਰੰਤੂ ਕਿਥੇ ਪੂਰੀ ਪੈਣੀ ਸੀ। ਕੁਝ ਆਂਢ ਗੁਆਂਢ ਤੋਂ ਮੰਗਾ, ਕੁਝ ਕਰਜ਼ਾ ਲੈ, ਕੁਝ ਘਰ ਦੀਆਂ ਵਸਤਾਂ ਗਹਿਣੇ ਰਖ ਗਰੀਬ ਗੁਰੂ ਕੇ ਸ਼ਰਧਾਲੂ ਸਿਖ ਨੇ ਸ਼ਤਿਗੁਰੂ ਕਲਗੀਆਂ ਵਾਲੜੇ ਦਾ ਧਿਆਨ ਧਰਦਿਆਂ ਸੇਵਾ ਤੋੜ ਚਾੜ੍ਹਨ ਲਈ ਸਾਰਾ ਤਰਾਣ ਲਾਇਆ ਕਿ--

ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ ਸਭਿ ਦੇਸਾ ॥
ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ ਜੋ ਪ੍ਰਭ ਦੇਇ ਸਦੇਸਾ ॥੩॥

(ਰਾਗ ਗਉੜੀ ਛੰਤ ਮ: ੫, ਪੰਨਾ ੨੪੭)

ਪ੍ਰੰਤੂ ਅਗੋਂ ਰਾਖਸ਼ਸ਼ ਬ੍ਰਿਤੀ ਨਾਲ ਵਾਸਤਾ ਸੀ, ਜਿਨ੍ਹਾਂ ਦੀਆਂ ਭੁੱਖਾਂ ਅਗਨੀ ਵਾਂਗੂ ਉਹਦੀ ਮੰਗ ਪੂਰੀ ਕਰਦਿਆਂ (ਅਥਵਾ ਅਗਨੀ ਵਿਚ ਉਹਦੀ ਭੁਖ ਮੇਟਣ ਲਈ ਲੱਕੜਾਂ ਡਾਂਹਦਿਆਂ) ਸਗੋਂ ਪ੍ਰਜੁਲਤ ਹੋਵੇ, ਉਹਦੀ ਕਦੋਂ ਤ੍ਰਿਪਤੀ ਹੋ ਸਕਦੀ ਹੈ। ਸੋ ਸਾਰੀ ਸੇਵਾ ਕੁਥਾਏਂ ਪਈ। ਸ੍ਰੀ ਮਸੰਦ ਜੀ ਮਹਾਰਾਜ ਮਥੇ ਵੱਟ ਪਾਂਦੇ ਮੂੰਹੋਂ ਗਾਲਾਹ-ਗਲੋਚ ਕੁਬਚਨ ਬੋਲਦੇ ਗਰੀਬ ਦਾ ਘਰ ਉਜਾੜ ਆਪਣੇ ਕੁੱਤਿਆਂ, ਘੋੜਿਆਂ ਤੇ ਕੰਜਰੀ ਨੂੰ ਪਲ ਭਰ ਲਈ ਤ੍ਰਿਪਤ ਕਰਨ ਲਈ ਉਸ ਜਗਿਆਸੂ ਦੀ ਵਰ੍ਹਿਆਂ ਦੀ ਕ੍ਰਿਤ ਕਮਾਈ ਨੂੰ ਦਰਿਆ ਵਿਚ ਲੂਣ ਦੀ ਚੁਟਕੀ ਦੀ ਨਿਆਈਂ ਅਜਾਈਂ ਰੋੜ੍ਹ ਕੇ, ਹੋਰ ਕਿਸੇ ਏਹਨਾਂ ਜਿਹੇ ਨਿਮਾਣੇ ਦੇ ਮੰਦੇ ਭਾਗਾਂ ਨੂੰ ਅਗਲੇਰੇ ਪਿੰਡ ਧਾਈ ਕਰ ਗਏ।

ਸੰਮਤ ੧੭੫੮ ਬਿਕ੍ਰਮੀ ਦੀ ਵਿਸਾਖੀ ਪੁਰ ਸਚੇ ਸ਼ਹਿਨਸ਼ਾਹ ਪਾਤਸ਼ਾਹਾਂ ਦੇ ਪਾਤਸ਼ਾਹ—

ਹੱਕ ਹੱਕ ਅਗਾਹ ਗੁਰ ਗੋਬਿੰਦ ਸਿੰਘ, ਸ਼ਾਹਿ ਸ਼ਹਿਨਸ਼ਾਹ ਗੁਰ ਗੋਬਿੰਦ ਸਿੰਘ,
ਹੱਕ ਹੱਕ ਅੰਦੇਸ਼ ਗੁਰ ਗੋਬਿੰਦ ਸਿੰਘ, ਬਾਦਸ਼ਾਹ ਦਰਵੇਸ਼ ਗੁਰ ਗੋਬਿੰਦ ਸਿੰਘ,

ਹਾਂ ਜੀ, ਬਾਦਸ਼ਾਹਾਂ ਦੇ ਸਿਰ ਸ਼ਹਿਨਸ਼ਾਹ ਅਤੇ ਦਰਵੇਸ਼ਾਂ ਦੇ ਸ਼ਾਹ ਦਰਵੇਸ਼ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ, ਧੰਨ ਗੁਰੂ ਗੋਬਿੰਦ ਸਿੰਘ ਸਾਹਿਬ, ਧੰਨ ਗੁਰੂ ਗੋਬਿੰਦ ਸਿੰਘ ਸਾਹਿਬ, ਜਿਗਾਹ ਕਲਗੀ ਵਾਲੇ, ਬਾਜਾਂ ਫੌਜਾਂ ਵਾਲੇ ਰਬਾਨੀ ਪੰਥ ਦੇ ਵਾਲੀ ਜੀ ਦਾ ਵੈਸਾਖੀ ਪੁਰਬ ਦੀਵਾਨ ਸੱਜ ਰਿਹਾ ਹੈ, ਗੁਰਬਾਣੀ ਦੇ ਇਲਾਹੀ ਕੀਰਤਨ, ਅਰਸ਼ੀ ਨਾਦ, ਦਰਗਾਹੀ ਸੱਦਾ, ਪਿਆਰ-ਹੁਲਾਰੇ, ਅੰਮ੍ਰਿਤੀ ਛਹਿਬਰਾਂ, ਗ਼ੈਬੀ ਫੁਹਾਰਾਂ, ਸੁਗੰਧੀ-ਤ੍ਰਕੋਲੜੇ ਸੁਰਤੀ ਨੂੰ ਸੁਤੇ ਹੀ ਗਗਨੰਤਰੀ ਚੜ੍ਹਾਉਣ ਸਮਰੱਥ ਹਨ।

ਸਤਿਗੁਰ ਸੱਚਾ ਪਾਤਿਸਾਹ ਸਾਧ ਸੰਗਤਿ ਸਚਖੰਡ ਵਸਾਇਆ ॥
ਗੁਰ ਸਿਖ ਲੈ ਗੁਰਸਿਖ ਹੋਇ ਆਪ ਗਵਾਇ ਨ ਆਪੁ ਗਵਾਇਆ ॥

ਗੁਰਸਿਖ ਸਭੋ ਸਾਧਨਾ ਸਾਧ ਸਧਾਏ ਸਾਧ ਸਦਵਾਇਆ ॥
ਚਹੁੰ ਵਰਨਾਂ ਉਪਦੇਸ ਦੇ ਮਾਇਆ ਵਿਚਿ ਉਦਾਸ ਰਹਾਇਆ ॥ (ਭਾਈ ਗੁਰਦਾਸ ਜੀ,ਵਾਰ ੭/੧

ਹਾਂ ਜੀ, ਇਉਂ ਸਚਖੰਡੀ ਦੀਵਾਨ ਸਜ ਰਹੇ ਹਨ । ਆਸਾ ਜੀ ਦੀ ਵਾਰ ਦਾ ਭੋਗ ਪਿਆ—ਮੈਂਡੇ ਕਲਗੀਆਂ ਵਾਲੜੇ ਜੀ ਦੇ ਮੱਦ ਭਰੇ ਅੰਮ੍ਰਿਤੀ ਨੈਣ ਖੁਲ੍ਹੇ, ਪ੍ਰੇਮ ਖੁਮਾਰਾਂ ਸੰਗ ਰਸੀਲੜੇ ਨੈਣ-ਜੋਤਿ ਪ੍ਰਗਾਸੀ ਸਰਸ਼ਾਰ ਨੈਣਾਂ ਥੀਂ ਨੂਰੀ ਝਾਕਣੀ, ਜਿਸ ਜਿਸ ਭਾਗ ਸੁਲੱਖਣੇ ਪੁਰ ਪਾਉਂਦੇ ਹਨ, ਜਿਸ ਪ੍ਰਿਮ ਬੈਰਾਗੀ ਪ੍ਰੇਮ ਕਸਾਈਆਂ ਅਖੀਆਂ ਵਿਚ ਆਪਣੇ ਰੱਬਾਨੀ ਰਸੀਲੜੇ ਨੈਣ ਤਕਦੇ ਹਨ, ਉਹਦੀ ਆਤਮਾ ਅੰਦਰੋਂ ਉਛਲ ਵਿਗਸ ਨਚ ਉਠਦੀ ਹੈ ਅਤੇ ਮੇਹਰ-ਨਜ਼ਰ ਉਸ ਭਾਗਾਂ ਵਾਲੇ ਨੂੰ ਸਦਾ ਲਈ ਵਿੰਨ੍ਹ ਘੱਤਦੀ ਹੈ । ਹਾਂ ਜੀ ! ਜਿਸ ਭਾਗ ਸੁਲੱਖਣੇ ਦੀ ਪੂਰਬ ਸੰਜੋਗੀ ਸਾਂਝ ਪੁੰਗਰਦੀ ਹੈ, ਜਿਸ ਜਿਸ ਕਰਮ਼ਾਂ ਵਾਲੇ ਦੇ ਅੰਕੁਰ ਸਫੁਟਦੇ ਹਨ ਸੋਈ ਸੋਈ ਅਜ਼ਲੀ ਮੇਹਰਾਂ ਦਾ ਪਾਤਰ ਸੁਜੀਵਨ ਜੋਗੜਾ ਮੈਂਡੇ ਕਲਗੀਆਂ ਵਾਲੜੇ ਧੰਨ ਗੁਰੂ ਗੋਬਿੰਦ ਸਿੰਘ ਜੀ ਦੀ ਨੈਣ-ਝਾਤ ਦਾ ਸ਼ਿਕਾਰ ਹੁੰਦਾ ਹੈ । ਵਾਹ ! ਵਾਹ ! ਉਸਦੀ ਜਨਮਾਂ ਦੀ ਘਾਲ ਥਾਇਂ ਪੈਂਦੀ ਹੈ ।

ਹਾਂ ਜੀ, ਰੱਬ ਵਰਸਾਂਦੇ, ਰੱਬ ਪ੍ਰਗਟਾਂਦੇ, ਰੱਬ ਦਰਸਾਂਦੇ ਨੈਣ-ਕਟਾਖਯ ਰੱਬ ਵਾਲਿਆਂ ਦੀ ਨੂਰੀ ਨੈਣਾਂ ਦੀ ਪ੍ਰੇਮ ਝਾਤ, ਨੂਰੀ ਤੱਕਣੀ ਜਿਨ ਜਿਨ ਭਾਗ ਸੁਲੱਖਣੇ ਜਗਿਆਸੂਆਂ ਤੇ ਕਦੇ ਪਈ ਹੋਵੇ, ਸੋਈ ਇਸਦੀ ਕਦਰ ਜਾਣਦੇ ਹਨ, ਫੇਰ ਏਥੇ ਤੇ ਮੁਜੱਸਮ ਰੱਬ ਰੂਹ, ਪਰਮ ਸੁਭਾਗ ਪਰਮਾਤਮ-ਆਤਮਾ ਤਦ-ਰੂਪ ਜਯੋਤ-ਆਪੂੰ ਮੇਹਰ ਧਾਰ ਜਾਮਾ ਧਾਰਿਆ । ਧੰਨ ਗੁਰੂ ਨਾਨਕ ਗੋਬਿੰਦ ਰੂਪ ਜਲਵ ਜਯੋਤੀ ਸਤਿਗੁਰੂ ਜੀ ਨੇ, ਜਿਨ੍ਹਾਂ ਜਿਨ੍ਹਾਂ ਪਿਆਰਿਆਂ ਗੁਰਸਿਖਾਂ ਦੇ ਭਾਗ ਉਦੈ ਹੋਏ, ਸੋਈ ਸੋਈ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਬਾਰ ਵਿਚ ਹਾਜ਼ਰ ਹੋ ਮੇਹਰ-ਨੈਣ-ਝਾਤ ਦੇ ਪਾਤਰ ਥੀਏ । ਸੋ ਸਮੂਹ ਅੰਦਰੋਂ ਇਕ-ਸੁਰ ਹੋ ਸੁਭਾਗੇ ਸੋਹਣੇ ਭਾਈ ਸਾਹਿਬ ਭਾਈ ਨੰਦ ਲਾਲ (ਸਿੰਘ) ਸਾਹਿਬ ਵਾਂਗੂ ਸਦਾਏ-ਖ਼ੈਰ ਅਲਾਅ ਉਠੇ :—

ਦੀਨ ਦੁਨੀਆ ਦਰ ਕਮੰਦਿ ਆਂ ਪਰੀ ਰੁਖਸਾਰਿ ਮਾ ॥
ਹਰ ਦੋ ਆਲਮ ਕੀਮਤਿ ਯੱਕ ਤਾਰਿ ਮੂਏ ਯਾਰ ਮਾ ॥
ਮਾ ਨਮੇ ਆਰੇਮ ਤਾਬਿ ਗ਼ਮਜ਼ਾਇ ਮਿਜ਼ਗਾਨਿ ਊ ॥
ਯੱਕ ਨਿਗਾਹਿ ਜਾਂ-ਫ਼ਿਜ਼ਾਇਸ਼, ਬਸ ਬਵੱਦ ਦਰਕਾਰਿ ਮਾ ॥
ਗਾਹੇ ਸੂਫ਼ੀ ਗਾਹੇ ਜ਼ਾਹਿਦ ਗਹਿ ਕਲੰਦਰ ਮੇ ਸ਼ਵਦ ।
ਰੰਗਾ ਹਾਇ ਮੁਖ਼ਤਲਿਫ਼ ਦਾਰਦ ਬੁਤਿ ਅਯਾਰਿ ਮਾ ॥
ਕਦਰਿ ਲਾਅਲਿ ਊ ਬਜੁਜ਼ ਆਸ਼ਿਕ ਨ ਦਾਨਦ ਹੇਚ ਕਸ ॥
ਕੀਮਤਿ ਯਾਕੂਤ ਦਾਨਦ, ਚਸ਼ਮਿ ਗੌਹਰ ਬਾਰਿ ਮਾ ॥
ਹਰ ਨਫ਼ਸ 'ਗੋਯਾ' ਬ-ਯਾਦਿ, ਨਰਗਸਿ ਮਖ਼ਮੂਰਿ ਊ ॥
ਬਾਦਾਹਾਏ ਸ਼ੌਕ ਮੇ-ਨੋਸ਼ਦ, ਦਿਲਿ ਹੁਸ਼ਿਆਰਿ ਮਾ॥ [ਗਜ਼ਲ ੨

ਪੰਜਾਬੀ ਕਾਵਯ ਵਿਚ ਭਾਵ-ਉਲਥਾ :—

ਦੀਨ ਤੇ ਦੁਨੀਆ ਖੰਨੀਏ ਕੀਤੇ, ਮੋਹਨ ਮੁਖ ਰੱਬਾਨੀ ਤੋਂ ।
ਦੋਵੇਂ ਆਲਮ ਸਦਕੇ ਥੀਵਨ, ਇਕ ਰੁਮਾਵਲ ਜਾਨੀ ਤੋਂ ।
ਅੱਖ ਮਟੱਕੇ ਪਿਆਰੇ ਸੈਂਦੀ, ਝਾਲ ਨਾ ਝਲੀ ਜਾਂਦੀ ਏ ।
ਜਿੰਦ ਅਸਾਂ ਦੀ ਝੂਮ ਝੁਮਾਏ, ਇਕੋ ਝਾਤ ਨੂਰਾਨੀ ਤੋਂ ।
ਜ਼ਾਹਿਦਸੂਫੀ ਮਸਤ ਕਲੰਦਰ, ਚੋਜੀ ਰੰਗ ਵਟਾਂਦਾ ਏ ।
ਲਾਲ ਰੰਗੀਲਾ ਬਹੁ-ਰੰਗ ਖੇਲੇ, ਸਦਿਕੇ ਲਾ-ਮਕਾਨੀ ਤੋਂ ।



www.AKJ.Org

ਉਸ ਲਾਲਨ ਦੀ ਕਦਰ ਕੀ ਜਾਣਨ, ਇਸ ਮੁਸ਼ਕ ਤੋਂ ਬਹਿਰੇ ਜੋ ।
ਰਤਨਾਂ ਸਾਰ ਅਮੋਲੀ ਪੈਂਦੀ, ਜੌਹਰੀ ਨਿਗਾਹ ਲਾਸਾਨੀ ਤੋਂ ।
ਨਰਗਸ-ਨੈਣ ਰਸ਼ੀਲੇ 'ਕੋਮਲ', ਹਰ ਸੀਨਾ ਦਿਲਸ਼ਾਦ ਕਰਨ ।
ਪ੍ਰੇਮ ਸੁਧਾ ਰਸ ਪੀਵਨ ਜੀਵਨ, ਹਰ ਦਮ ਮੇਹਰ ਰੱਬਾਨੀ ਤੋਂ ॥

ਆਈਨਾਏ ਖ਼ੁਦਾ ਨੁਮਾ ਅੱਸਤ ਰੂਏ ਤੋ ।
ਦੀਦਾਰੇ ਹੱਕ ਜ਼ਿ ਆਈਨਾਏ ਤੋ ਮੇ ਕੁਨੰਦ ॥ (ਕਲਾਮ ਭਾ: ਸਾ: ਨੰਦ ਲਾਲ)
ਜੋਤਿ ਸਰੂਪੀ ਦਰਸ਼ਨ ਦਰਪਨ, ਹੁੰਦਾ ਮੁਖ ਨੂਰਾਨੀ ਤੋਂ ।
ਰੂਪ ਇਲਾਹੀ ਜਲਵਾਗਰ ਹੈ, ਕੋਮਲ ਅਬਰੂ ਜਾਨੀ ਤੋਂ । (ਉਲਥਾਕਾਰ "ਕੋਮਲ")
ਬੱਦਰ ਪੇਸ਼ੇ ਰੂਏ ਤੋ ਸ਼ਰਮਿੰਦਾ ਅੱਸਤ ।
ਬਲਕਿ ਖ਼ੁਰਸ਼ੀਦੇ ਜਹਾਂ ਹਮ ਬੰਦਾ ਅੱਸਤ ।
ਚਸ਼ਮੇ ਮਾ ਹਰਗਿਜ਼ ਬਗੈਰ ਅਜ਼ ਹੱਕ ਨ ਦੀਦ ।
ਐ ਖ਼ਸ਼ਾ ਚਸ਼ਮੇ ਕਿ ਹੱਕ ਬੀਨਿੰਦਾ ਅੱਸਤ ॥ (ਕਲਾਮ 'ਗੋਯਾ')
ਪੂਰਨਮਾ ਦਾ ਚੰਦ ਸੁਹਾਣਾ, ਮੁਖੜੇ ਤੋਂ ਸ਼ਰਮਾਂਦਾ ਏ ।
ਇਹ ਸੂਰਜ ਇਕ ਭਾਨ ਪ੍ਰਭਾਵੀ, ਚਾਕਰ ਬਣਨਾ ਚਾਂਹਦਾ ਏ ।
ਭਾਗ ਸੁਲੱਖਣੇ ਮੈਂਡੇ ਥੀਏ, ਨੈਣੀ ਆ ਸਮਾਂਦਾ ਏ ।
ਸੁੰਦਰ ਮੋਹਨ ਕਲਗੀਆਂ ਵਾਲਾ, ਅੰਦਰ ਅਲੱਖ ਜਗਾਂਦਾ ਏ । (ਉਲਥਾਕਾਰ "ਕੋਮਲ")

ਸੋਹਣਿਆਂ ਦੇ ਸੁਲਤਾਨ ਸ਼ਾਹ ਜੀ ! ਸਤਿਗੁਰੂ ਜੀਉ ਜੀ ! ਇਕ ਮੇਹਰ-ਝਾਤ, **ਦਿੱਬ ਕ੍ਰਾਂਤੀ ਕਿਰਨ ਝਾਤ,** ਨਾਮ ਪ੍ਰਗਾਸੀ ਜਨਣ ਝਾਤ, ਮੇਹਰ ਨਿਗਾਹ-ਜੋਤਿ ਪ੍ਰਗਾਸੀ ਨੈਣ ਝਾਤ—

## ਦਿਲ ਕੰਬਣੀਆਂ

ਝੁਗੀ ਟੁਟੀ ਆਹ ! ਦਰਦ ਰੀਝਾਣਿਆਂ ਦੀ, ਨਾ ਏਹ ਸੇਜ ਸੁੰਦਰ, ਨਾ ਸ਼ਿੰਗਾਰ ਕੋਈ ।
ਆਸਾਂ ਟੁਟੀਆਂ, ਆਸਰੇ ਭੱਜ ਢਠੇ, ਨਾ ਦਿਲਦਾਰ ਮੈਂਡਾ, ਨਾ ਗ਼ਮਖ਼ਾਰ ਕੋਈ ।
ਜੋਗ ਜੁਗਤ ਕੋਈ ਨਾ, ਘਾਲ ਕ਼ਰਕਤ ਕੋਈ ਨਾ, ਨਾ ਮੈਂ ਰੂਪ, ਨਾ ਸੁੰਦਰ ਆਚਾਰ ਕੋਈ ।
ਆਹ ! ਵਿਲੱਲੇ ਦਿਨ ਮੈਂਡੇ ਦੇ ਮਾਲਿਕਾ ਵੇ, ਅੱਲ੍ਹੜ ਪਿਆਰ ਮੈਂਡਾ, ਨਾ ਹੁਸ਼ਿਆਰ ਕੋਈ ।
ਗਿੱਝ ਗਈ ਝੱਲੀ, ਦਾਨੇ ਪ੍ਰੀਤਮਾ ਵੇ, ਰੀਝਾਂ ਮੈਂਡੀਆਂ ਪੂਰਨ ਪੁਰਾਉਣ ਆਵੋ ।
ਸਦਕੇ ਪੁਰਬ ਪਿਆਰੜੇ ਸਪਤਮੀ ਦੇ, ਜੋਤਿ ਜਲਵ ਝਲਕੇ ਆ ਝਲਕਾਉਣ ਆਵੋ ।

ਪਰਮ ਪਿਤਾ ਜੀਉ ! ਗੁਰੂ ਮਾਤ-ਪਿਤਾ ਹਰਿ ਰਾਇਆ ਜੀਉ, ਬਾਲਕ ਬਿਲਲ ਬਿਲੀਧਿਆਂ ਨੂੰ ਅਸਾਂ ਤੇਰੇ ਸਦਵਾਂਦਿਆਂ ਨੂੰ, ਹਾਂ ਜੀ ਤੇਰੇ ਨਾਮ-ਧਰੀਕਾਂ ਨੂੰ ਇਕ ਮੇਹਰ ਨਜ਼ਰ ! ਇਕ ਜਿੰਦ ਪਾਣ ਵਾਲੀ ਨਿਗਾਹੇ ਖ਼ੈਰ ! ਆਪਣੇ ਸੋਹਣੇ ਪੁਰਬ ਵਿਸਾਖੀ ਦਾ ਸਦਕਾ ਏਹ ਮੇਹਰ :—

ਮੰਗਤ ਜਨ ਦੀਨ ਖਰੇ ਦਰਿ ਠਾਢੇ, ਅਤਿ ਤਰਸਨ ਕਉ ਦਾਨੁ ਦੀਜੈ ॥
ਤ੍ਰਾਹਿ ਤ੍ਰਾਹਿ ਸਰਨਿ ਪ੍ਰਭ ਆਏ, ਮੋ ਕਉ ਗੁਰਮਤਿ ਨਾਮੁ ਦ੍ਰਿੜੀਜੈ ॥੧॥੫॥

(ਕਲਿਆਨ ਮ: ੪, **ਪੰਨਾ ੧੩੨੫**

ਸਭ ਪਾਸਿਆਂ ਤੋਂ ਆਸਾਂ, ਸ਼ਰਧਾ ਦੇ ਫੁਲ ਭੇਟਾਂ ਲੈ ਕੇ ਪਿਆਰਾਂ-ਕੁਠੇ ਇਕ ਮੇਹਰ ਨਜ਼ਰ ਦੀ ਤਾਂਘ ਵਿਚ ਆ ਜੁੜੇ, ਪ੍ਰੇਮੀਅੜੇ ਸੱਚੇ ਪਾਤਸ਼ਾਹ ਜੀ ਸਾਹਮਣੇ ਹਾਜ਼ਰ ਹੁੰਦੇ ਹਨ । ਬਹੁਤ ਸਾਰੇ ਇਲਾਕਿਆਂ ਦੇ ਮਸੰਦ ਵੀ ਹਾਜ਼ਰ ਹਨ । ਅਜ ਏਸ ਇਲਾਹੀ ਸੁਗੰਧੀ ਭਿੰਨੇ ਰਸ ਪੁਰਕ੍ਰਿਤ ਮਾਹੌਲ ਵਿਚ ਹੋਰਵੇ ਜਿਹਾ ਦ੍ਰਿਸ਼ ਸਾਹਵੇਂ



www.AKJ.Org

ਆਇਆ । ਸੋਹਣੇ ਮਨ-ਮੋਹਣੇ, ਮਿਠੇ-ਮਿਠੇ ਪ੍ਰੇਮੀਆਂ ਗੁਰਸਿੱਖਾਂ ਨੇ ਆਪਣੀਆਂ ਪ੍ਰੇਮ-ਭੇਟਾਂ ਜਦ ਸਾਹਿਬ ਜੀ ਦੇ ਪੇਸ਼ ਕੀਤੀਆਂ ਅਤੇ ਸਤਿਗੁਰੂ ਜੀ ਨੇ ਮੇਹਰ-ਪ੍ਰਵਾਨਗੀਆਂ ਬਖਸ਼ੀਆਂ ਅਤੇ ਕਈ ਸੋਹਣੀਆਂ-ਸੋਹਣੀਆਂ ਦਿਲ-ਭੇਟਾਵਾਂ ਨੂੰ ਤੱਕ-ਤੱਕ ਬਹੁਤ ਪ੍ਰਸੰਨਤਾ ਤੇ ਮੇਹਰ-ਅਸੀਸਾਂ ਫੇਰੀਆਂ, ਤਦ ਉਨ੍ਹਾਂ ਪ੍ਰੀਤ-ਪ੍ਰੇਮੀਆਂ ਨੇ ਹੋਰ ਪ੍ਰਸੰਨਤਾ ਲੈਣ ਲਈ ਕੁਝ ਆਪਣੀਆਂ ਪਿਛਲੇ ਸਾਲਾਂ ਦੀਆਂ ਭੇਜੀਆਂ ਭੇਟਾਵਾਂ ਅਰਦਾਸਾਂ ਦਾ ਜ਼ਿਕਰ ਕੀਤਾ ਕਿ ਸੱਚੇ ਪਾਤਸ਼ਾਹ ਜੀਉ, ਇਹਨਾਂ ਦੇ ਨਾਲ ਦੇ ਬਸਤਰ—ਹਾਂ ਜੀ ਰੇਸ਼ਮ, ਸੂਤ, ਤਾਣੀਆਂ ਦੇ ਨਾਲ ਨਾਲ ਨੈਣ-ਪਲਕ-ਤਾਣੀਆਂ ਦੇ ਬਣੇ ਹੋਏ ਬਾਫ਼ਤੇ ਬਸਤਰ ਜੋ ਗੁਰੂ ਕੇ ਮਸੰਦਾਂ ਦੇ ਰਾਹੀਂ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਭੇਜੇ ਸਨ, ਸੋ ਦਸੇ ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਏਹ ਸੁਣ-ਸੁਣ ਬਹੁਤ ਬੀਰ ਰਸੀ ਜਲਾਲ ਵਿਚ ਆਏ । ਅਗੇ ਵੀ ਮਸੰਦਾਂ ਬਾਬਤ ਉਹ ਬਹੁਤ ਸ਼ਿਕਾਇਤਾਂ ਸੁਣ ਚੁਕੇ ਸਨ । ਐਤਕਾਂ ਚੇਤੋ ਮਸੰਦ, ਦੁਨੀ ਚੰਦ, ਬਲਾਕੀ ਮਸੰਦ, ਘਨੀਸ਼ਾਮ ਦਾਸ, ਕਰਮੇ ਮਸੰਦ ਆਦਿ ਸਭਨਾਂ ਦੇ 'ਧਰਮ ਦੇ ਪਰਦੇ ਹੇਠਾਂ ਕੀਤੇ ਅਧਰਮ' ਕੁਕਰਮਾਂ ਦੇ ਗੁਰੂ ਭਾਣੇ ਅੰਦਰ ਸਾਰੇ ਪਾਜ ਉਘਾੜੇ ।

ਨਾਲ ਹੀ ਕੁਝ ਸਵਾਂਗੀਆਂ ਨੇ ਉਸ ਗਰੀਬ ਸਿਖ ਦੇ ਘਰੀਂ ਮਸੰਦ ਵੇਸਵਾ ਲੈ ਵੜੇ ਦਾ ਸਵਾਂਗ ਐਨ ਹੂ-ਬ-ਹੂ ਸਾਹਿਬਾਂ ਦੀ ਹਜ਼ੂਰੀ ਵਿਚ ਉਤਾਰ ਕੇ ਦਸਿਆ । ਤਦ ਸੱਚੇ ਪਾਤਸ਼ਾਹ ਜੀ ਨੂੰ ਮਸੰਦਾਂ ਦਿਆਂ ਕੁਕਰਮਾਂ ਪੁਰ ਬੀਰ ਰਸੀ ਜਲਾਲ ਆਇਆ । ਸ੍ਰੀ ਸਤਿਗੁਰੂ ਜੀ ਦੇ ਅਰਸ਼ੀ ਸੁਖ ਦੇ ਸੋਹਲੜੇ ਦੇ ਆਦਰਸ਼ਾਂ ਤੋਂ ਐਨ ਉਲਟ ਏਹ ਦੁਸ਼ਟ ਦੁਗਣਾ ਪਾਪ ਕਮਾ ਰਹੇ ਸਨ । ਇਕ ਤੇ ਗਰੀਬਾਂ, ਅਨਭੋਲ ਸ਼ਰਧਾਲੂਆਂ ਦਾ ਲਹੂ ਪੀਣਾ ਅਤੇ ਵਾਧਾ ਏਹ ਕਿ ਸਭ ਕੁਝ ਧਰਮ ਦੇ ਨਾਉਂ ਪੁਰ ਧਰਮ ਦੇ ਪਰਦੇ ਹੇਠ, ਸੋ ਮਹਾਰਾਜ ਜੀ ਨੇ ਕਰੜੇ ਦੰਡ ਦਿਤੇ । ਗੁਰੂ ਖਾਲਸੇ ਪੰਥ ਦੇ ਵਾਲੀ ਜੀ ਨੇ ਗੁਰਸਿੱਖਾਂ ਨੂੰ ਸਦਾ ਲਈ ਸਿਖਸ਼ਾ ਦੇਣ ਲਈ ਉਦਾਹਰਨ ਪ੍ਰਗਟ ਕੀਤੀ ਕਿ ਜੋ ਪੂਜਾ ਦਾ ਧਾਨ ਖਾ ਕੇ, ਗੁਰੂ ਕੇ ਅਖਵਾਂਦੇ ਹੋਏ ਪਾਪ ਕੁਕਰਮਾਂ ਵਿਚ ਪ੍ਰਵਿਰਤ ਹੁੰਦੇ ਹਨ, ਜੋ ਅੰਦਰੋਂ ਹੋਰ ਤੇ ਬਾਹਰੋਂ ਹੋਰ ਪਾਖੰਡ ਕਰ ਕੇ ਗਰੀਬ ਸ਼ਰਧਾਲੂਆਂ ਦੀ 'ਭੇਡਾਂ ਦੀ ਉਨ ਲਾਹੁਣ ਵਤ' ਅਧੋਗਤੀ ਦੇ ਕਾਰਨ ਬਣਦੇ ਹਨ, ਜੋ ਅਨਿਕ ਖੇਡਾਂ ਰਚ ਰਚ ਦੰਭ ਬਣਾ ਕੇ ਸੰਤ ਲਾਣਾ ਤੋਰ ਕੇ, ਮੁਰਸ਼ਦ-ਪੁਣੇ ਦੇ ਜਾਲ ਵਿਛਾ ਕੇ, ਗਦੀਆਂ ਦੇ ਢੌਂਗ ਰਚ ਕੇ ਸ੍ਰੀ ਸਤਿਗੁਰੂ ਅਕਾਲ ਪੁਰਖ ਰੱਬ ਜੀ ਦੇ ਠੇਕੇਦਾਰ ਬਣ ਬੈਠਦੇ ਹਨ, ਉਹਨਾਂ ਦਾ ਏਥੇ ਅਤੇ ਅਗੇ ਏਸੇ ਪ੍ਰਕਾਰ ਮੂੰਹ ਕਾਲਾ ਹੋਣਾ ਗੁਰੂ ਭਾਣੇ ਅਨੁਸਾਰ ਭੀ ਹੈ ।

ਹਾਂ ਜੀ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਸੂਰਮੇ ਗੁਰਸਿੱਖਾਂ ਸਰਦੂਲਾਂ ਨੂੰ ਹੁਕਮ ਦਿਤਾ ਕਿ ਵਖੋ ਵਖਰੇ ਪਾਸੇ ਵਖੋ ਵਖ ਜਥੇ ਜਾ ਕੇ ਸਭ ਮਸੰਦਾਂ ਨੂੰ ਬੰਨ੍ਹ ਕੇ ਲੈ ਆਵੋ । ਇਨ੍ਹਾਂ ਨੇ ਗੁਰੂ ਕੀ ਮੁਹਰ ਦਾੜ੍ਹੀਆਂ ਨੂੰ ਆਪਣੀਆਂ ਕਾਲੀਆਂ ਕਰਤੂਤਾਂ ਦਵਾਰਾ ਲਾਜ ਲਾਈ ਹੈ । ਸੋ ਹੁਕਮ ਅਨੁਸਾਰ ਜਥੇ ਦੇਸ-ਪ੍ਰਦੇਸੀਂ ਗਏ ਅਤੇ ਸਮੂਹ ਮਸੰਦਾਂ ਨੂੰ ਟੋਲ ਟੋਲ ਕੇ ਸ਼ਹਿਨਸ਼ਾਹ ਸੂਰੇ ਸਤਿਗੁਰੂ ਜੀ ਦੇ ਹਜ਼ੂਰ ਲੈ ਆਉਣ ਲਗੇ ।

[‘ਸੀਸ ਗੰਜ’ ਦਿਲੀ, ਮਈ ੯੩ ਦੇ ਲੇਖ ਦਾ ਪਹਿਲਾ ਅੱਧ

---

## ‘ਸੂਰਾ’ ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ [ਕਈ ਵਾਧੇ, ੧੦ ਚਿਤਰ, ੨੭੨ ਪੰਨੇ, ਸੁੰਦਰ ਦੱਖ] ੧੦-੦੦

| | | | | |
|---|---|---|---|---|
| ਕੇਸਕੀ [ਦਸਤਾਰ] | ੨-੫੦ | ਗੁਰਬਾਣੀ ਦੀ ਪਾਰਸ ਕਲਾ [ਭਾ: ਸਾਹਿਬ ਕ੍ਰਿਤ] | | ੧-੫੦ |
| ਖਾਲਸਾ ਰਹਿਤ ਮਰਯਾਦਾ | ੩-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ,, | ੨-੦੦ |
| ਗੁਰਸਿਖ ਰਹਿਣੀ [ਪ੍ਰੋ: ਅਮਰਜੀਤ ਕੌਰ] | ੨-੦੦ | ਕੀ ਕੇਸ ਰਖਣੇ ਜ਼ਰੂਰੀ ਹਨ ? | ,, | ੧-੦੦ |
| ਤਉ ਕਿਉ ਮੁਰਗੀ ਮਾਰੇ [ਤਲਵਾੜਾ ਜੀ] | ੨-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ,, | ੧-੦੦ |
| HAIR—A Divine Gift | 1-00 | ਗੁਰਮਤਿ ਅਨਹਦ ਸ਼ਬਦ | ,, | ੧-੦੦ |
| Dawn of Divine Wisdom | 1-50 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ | ,, | ੦-੭੫ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੨-੦੦ | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ | ,, | ੧-੫੦ |
| ਗੁਰਬਾਣੀ ਰਹਿਤਨਾਮਾ | ੧-੦੦ | ਜਬ ਲਗ ਖਾਲਸਾ ਰਹੈ ਨਿਆਰਾ | ,, | ੧-੦੦ |
| ਸ੍ਰੀ ਭਗਉਤੀ ਪ੍ਰਬੋਧ [ਚੋਣਵੇਂ ਵਿਦਵਾਨਾਂ ਦੇ ਲੇਖ] | ੨-੦੦ | ਖਾਲਸਾ ਜੀ ਦਾ ਗੁਰਮਤਿ ਆਦਰਸ਼ | ,, | ੦-੭੫ |
| | | ਰਾਗਮਾਲ ਬਾਰੇ ਵਿਚਾਰ [ਉਘੇ ਵਿਦਵਾਨ] | | ੧-੫੦ |

www.AKJ.Org

# ਗੁਰੂ ਗੋਬਿੰਦ ਸਿੰਘ ਜੀ ਦਾ ਆਤਮਕ ਮੰਡਲ

[ਪ੍ਰੋ: ਜੋਗਿੰਦਰ ਸਿੰਘ ਜੀ, ਅੰਤ੍ਰਿੰਗ ਮੈਂਬਰ, ਦਿਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ]

(੧)

ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਭਾਵੇਂ ਅਨਿਕ ਹਨ ਅਤੇ ਸਿੱਛਾ ਵੀ ਭਾਂਤਿ ਭਾਂਤਿ ਦੀ ਹੈ, ਪਰ ਹਰ ਰੂਪ ਤੇ ਸਿੱਛਾ ਦਾ ਮੰਡਲ ਆਤਮਕ ਹੀ ਹੈ। ਆਤਮਕ ਮੰਡਲ ਸੰਪੂਰਨਤਾ ਦਾ ਮੰਡਲ ਹੀ ਹੁੰਦਾ ਹੈ। ਜਿਵੇਂ ਸੰਪੂਰਨਤਾ ਦੇ ਮੰਡਲ ਵਿਚ ਚੱਕ੍ਰ-ਚਿਹਨ, ਬਰਨ-ਜਾਤਿ, ਰੂਪ-ਰੰਗ ਤੇ ਰੇਖ-ਭੇਖ ਦਾ ਕੋਈ ਵਿਤਕਰਾ ਨਹੀਂ ਹੁੰਦਾ ਅਤੇ ਨਾ ਹੀ ਮਾਰਗ, ਧਰਮ, ਇਸ਼ਟ ਤੇ ਗੁਰੂ ਦਾ ਕੋਈ ਝਗੜਾ ਹੁੰਦਾ ਹੈ, ਇਸੇ ਤਰ੍ਹਾਂ ਆਤਮਕ ਮੰਡਲ ਹਰ ਤਰ੍ਹਾਂ ਦੇ ਵੰਡ-ਵਿਤਕਰਿਆਂ ਤੇ ਹਉਮੈ ਦੇ ਲਾਲਚ ਕਾਰਨ ਉਪਜੇ ਝਗੜਿਆਂ ਤੋਂ ਆਜ਼ਾਦ ਹੁੰਦਾ ਹੈ। ਜੋਤਿ ਤੇ ਗੁਰਬਾਣੀ ਨੇ ਆਤਮਕ ਮੰਡਲ ਦੇ ਕਈ ਰੂਪ-ਚਿੰਨ੍ਹ ਨਿਸਚਿਤ ਕੀਤੇ ਹਨ, ਪਰ ਆਤਮਕ ਮੰਡਲ ਦਾ ਸੱਚ ਤੇ ਪੱਧਰ, ਨਿਰੰਤਰ ਇਕੋ ਜਿਹਾ ਹੀ ਹੁੰਦਾ ਤੇ ਰਹਿੰਦਾ ਹੈ। ਹੇਮਕੁੰਟ ਪਰਬਤ ਉਤੇ ਕੀਤੀ ਅਰਾਧਨਾ ਤੇ ਸਾਧਨਾ, ਕਾਜ ਦੀ ਸਥਾਪਨਾ, ਸੁਰੱਖਿਆ ਲਈ ਦੁਸ਼ਟ-ਦੋਖੀਆਂ ਨਾਲ ਕੀਤੇ ਸੰਘਰਸ਼, ਤਖਤੋ-ਤਾਜ ਤੇ ਸਾਰਾ ਬੰਸ ਕੁਰਬਾਨ ਕਰਵਾ ਕੇ ਪੈਦਾ ਹੋਏ ਸੰਕਟ ਵਿਚ ਵੀ ਗੁਰੂ ਗੋਬਿੰਦ ਸਿੰਘ ਜੀ ਜੇ ਆਤਮਕ ਮੰਡਲ ਵਿਚ ਜੁੜੇ ਜਾਂ ਬਿਰਾਜੇ ਰਹਿਣ, ਨਾ ਡਿੱਗਣ, ਨਾ ਡੋਲਣ, ਸਗੋਂ ਮਰਦ ਅਗੰਮੜਾ ਵਾਂਗ, ਜੀਵਨ ਦੀ ਹਰ ਸਥਿਤੀ ਤੇ ਹਰ ਸੰਕਟ ਵਿਚ ਸੱਚ, ਪ੍ਰੇਮ, ਅਣਖ ਤੇ ਆਜ਼ਾਦੀ ਨਾਲ ਵਿਚਰਦੇ ਰਹਿਣ, ਤਾਂ ਸਪੱਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਆਤਮਕ ਮੰਡਲ ਕਾਇਮ ਹੀ ਨਹੀਂ, ਸਗੋਂ ਉਹ ਲਗਾਤਾਰ ਆਤਮਕ ਮੰਡਲ ਦੇ ਵਾਸੀ ਹਨ।

'ਬਚਿੱਤ੍ਰ ਨਾਟਕ' ਵਿਚ ਹੇਮਕੁੰਟ ਪਰਬਤ ਉਤੇ ਆਪਣੇ ਪ੍ਰਕਾਸ਼ ਤੋਂ ਪਹਿਲਾਂ, ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਅਰਾਧਨਾ ਅਤੇ ਸਾਧਨਾ ਦਾ ਸਾਰ-ਵਿਸਥਾਰ ਦਿੱਤਾ ਹੈ, ਉਸ ਤੋਂ ਸਪੱਸ਼ਟ ਹੁੰਦਾ ਹੈ ਕਿ ਪਟਨਾ ਸ਼ਹਿਰ ਵਿਚ ਭਵ (ਪ੍ਰਗਟ) ਲੈਣ ਤੋਂ ਪਹਿਲਾਂ ਵੀ ਗੁਰੂ ਗੋਬਿੰਦ ਸਿੰਘ ਜੀ ਆਤਮਕ ਮੰਡਲ ਵਿਚ ਹੀ ਬਿਰਾਜੇ ਹੋਏ ਸਨ। ਦ੍ਵੈ ਤੋਂ ਇਕ ਰੂਪ ਹੋਣਾ ਅਤੇ ਆਪਣੀ ਸੁਰਤਿ ਨੂੰ ਸਦਾ ਪ੍ਰਭੂ-ਚਰਨਾਂ ਨਾਲ ਜੋੜੀ ਰੱਖਣਾ, ਇਹ ਆਤਮਕ ਮੰਡਲ ਵਿਚ ਜੀਣ-ਕ੍ਰਿਆ ਦੀ ਹੀ ਪਛਾਣ ਹੈ। ਆਤਮਕ ਮੰਡਲ ਵਿਚ ਜੀਊਣ ਵਾਲਾ ਸਦਾ ਵਿਸਮਾਦ ਤੇ ਅਨੰਦਾਤਮਿਕ ਹੋ ਕੇ ਵਿਚਰਦਾ ਹੈ। ਉਸ ਦਾ ਚਿੱਤ ਪ੍ਰਭੂ-ਰਸਿਕਤਾ ਪ੍ਰਤੀ ਇੰਨਾ ਸਮਰਪਿਤ ਹੁੰਦਾ ਹੈ ਕਿ ਕਿਸੇ ਕਾਰਨ ਵੀ, ਉਹ ਪ੍ਰਭੂ-ਚਰਨਾਂ ਨੂੰ ਛੱਡ ਕੇ, ਵਿਸ਼ੇ ਤੇ ਤਪ ਭਰੇ ਸੰਸਾਰ ਵਿਚ ਆਉਣਾ ਨਹੀਂ ਚਾਹੁੰਦਾ। ਜੇ ਗੁਰੂ ਗੋਬਿੰਦ ਸਿੰਘ ਜੀ ਵਿਸ਼ੇ ਤੇ ਤਪੁ-ਸੰਸਾਰ ਵਿਚ ਆਉਣਾ ਨਹੀਂ ਚਾਹੁੰਦੇ ਤਾਂ ਸਪੱਸ਼ਟ ਹੈ ਕਿ ਹੇਮਕੁੰਟ ਪਰਬਤ ਉਤੇ ਕੀਤੀ ਅਰਾਧਨਾ, ਸਾਧਨਾ ਵੇਲੇ ਵੀ ਉਹਨਾਂ ਦਾ ਚਿੱਤ ਆਤਮਕ ਮੰਡਲ ਵਿਚ ਹੀ ਸੀ। ਜੇ ਪ੍ਰਭੂ-ਆਇਸ ਪ੍ਰਾਪਤ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਪਟਨਾ ਸ਼ਹਿਰ ਵਿਚ ਭਵ-ਪ੍ਰਗਟ ਵੀ ਹੁੰਦੇ ਹਨ, ਤਾਂ ਜੀਵਨ-ਕ੍ਰਿਆ ਦਾ ਹਰ ਅਨੁਭਵ, ਹਰ ਬੋਲ, ਹਰ ਕਰਮ, ਹਰ ਬੁੱਧ, ਯੁੱਧ, ਹਰ ਸਿਰਜਨਾ ਅਤੇ ਹਰ ਪ੍ਰਾਪਤੀ ਆਤਮਕ ਮੰਡਲ ਦੇ ਵਾਸੀ ਹੋਣ ਦਾ ਪ੍ਰਭਾਵ ਹੀ ਉਜਾਗਰ ਕਰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨਿਸਚੇ ਹੀ ਸਦਾ ਆਤਮਕ ਮੰਡਲ ਦੇ ਵਾਸੀ ਰਹੇ ਤੇ ਜੀਵਨ-ਕ੍ਰਿਆ ਦੇ ਹਰ ਰੁਖ਼ ਨੂੰ ਉਹਨਾਂ ਨੇ ਸੰਪੂਰਨਤਾ ਦਾ ਰੂਪ ਪ੍ਰਦਾਨ ਕੀਤਾ।

(੨)

ਗੁਰੂ ਗੋਬਿੰਦ ਸਿੰਘ ਜੀ ਦਾ ਜੱਗ-ਪ੍ਰਵੇਸ਼ ਕੇਵਲ ਧਰਮ-ਕਾਰਜ ਦੀ ਸਥਾਪਨਾ ਤੇ ਧਰਮ ਦੀ ਸੁਰੱਖਿਆ ਲਈ ਸੀ। 'ਧਰਮ' ਤੋਂ ਭਾਵ ਪ੍ਰਭੂ ਦੀ ਹਜ਼ੂਰੀ ਵਿਚ ਜੀਊਣਾ ਹੈ। **ਜਿਹੜੀ ਕੂੜ-ਕ੍ਰਿਆ ਮਾਨਵ ਨੂੰ ਪ੍ਰਭੂ-ਹਜ਼ੂਰੀ ਤੋਂ ਦੂਰ ਕਰਦੀ ਹੈ ਜਾਂ ਸੰਪਰਦਾਇਕਤਾ ਦੀ ਭਾਵਨਾ ਪੈਦਾ ਕਰ ਕੇ ਮਾਨਸ ਜਾਤਿ ਵਿਚ ਘਿਰਣਾ ਤੇ ਵੰਡ ਪੈਦਾ ਕਰਦੀ ਹੈ, ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹੀ ਜੀਵਨ-ਕ੍ਰਿਆ ਨੂੰ 'ਧਰਮ' ਸਵੀਕਾਰ ਹੀ ਨਹੀਂ ਕੀਤਾ।** ਇਹੀ ਕਾਰਨ ਹੈ ਕਿ ਇਕ ਪਾਸੇ ਗੁਰੂ ਗੋਬਿੰਦ ਸਿੰਘ ਜੀ ਕੂੜ-ਕ੍ਰਿਆ ਦੇ ਹਰ ਅੰਗ, ਫੋਕਟ ਧਰਮ,


www.AKJ.Org

ਪਾਖੰਡ-ਭੇਖ, ਸਵਾਂਗ ਤੇ ਪ੍ਰਬੁਧਿ ਕਰਮ ਨੂੰ ਅਰਥ-ਹੀਣ ਕਹਿ, ਲੋਕਾਂ ਨੂੰ ਛੱਡਣ ਤੇ ਤਿਆਗਣ ਲਈ ਕਹਿੰਦੇ ਹਨ ਅਤੇ ਦੂਸਰੇ ਪਾਸੇ ਪੰਥ, ਮਾਨਸ ਜ਼ਾਤਿ, ਦੇਹੁਰਾ ਤੇ ਮਸੀਤ, ਪੂਜਾ ਤੇ ਨਿਵਾਜ਼, ਸੰਸਕ੍ਰਿਤ ਤੇ ਅਰਬੀ ਦੀ ਏਕਤਾ ਦਾ ਭਰਪੂਰ ਪ੍ਰਗਟਾਵਾ ਕਰਦੇ ਹਨ। ਹਉ ਦੇ ਲਾਲਚ ਤੋਂ ਉਪਜੀ ਕ੍ਰਿਆ ਤੇ ਪਾਸਾਰ ਦਾ ਵਿਰੋਧ ਕਰਨਾ, ਇਹ ਵੀ ਸ਼ੁਧ ਰੂਪ ਵਿਚ ਆਤਮਕ ਧਰਮ ਹੈ ਤੇ ਸਾਰੀ ਮਾਨਵਤਾ ਨੂੰ ਇਸ਼ਟ, ਮਾਰਗ, ਧਰਮ, ਭਗਤੀ-ਸਥਾਨਾਂ, ਪੂਜਾ-ਵਿਧੀਆਂ, ਬੋਲੀਆਂ ਤੇ ਸੰਸਕ੍ਰਿਤੀ ਅਤੇ ਏਕਤਾ ਤੇ ਬਰਾਬਰੀ ਦਾ ਅਹਿਸਾਸ ਪ੍ਰਸੰਗ ਕਰਨਾ, ਇਹ ਵੀ ਆਤਮਕ ਕਰਮ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਸਮੁੱਚਾ ਜੀਵਨ, ਬਾਣੀ ਤੇ ਬੋਲ, ਯੁੱਧ ਤੇ ਸਿਰਜਨਾ, ਬੰਸ ਤੇ ਪੰਥ ਦੀ ਕੁਰਬਾਨੀ—ਗੱਲ ਕੀ ਧਰਮ ਅਤੇ 'ਕਰਮ ਪਖੋਂ' ਸਾਖੀ ਹੈ ਕਿ ਉਹ ਸਦਾ ਆਤਮਕ ਮੰਡਲ ਵਿਚ ਹੀ ਵਿਚਰਦੇ ਰਹੇ। ਏਕਤਾ, ਬਰਾਬਰੀ, ਸਦਭਾਵਨਾ, ਪ੍ਰੇਮ ਤੇ ਧਰਮ ਕਰਮ ਦੀ ਕ੍ਰਿਆ ਨਿਰੋਲ ਆਤਮਕ ਮੰਡਲ ਦੀ ਕ੍ਰਿਆ ਹੀ ਹੈ। ਇਹੀ ਕਾਰਨ ਹੈ ਕਿ ਆਤਮਕ ਮੰਡਲ ਦੇ ਵਾਸੀ ਗੁਰੂ ਗੋਬਿੰਦ ਸਿੰਘ ਜੀ ਨੇ ਕਦੀ ਵੀ ਆਪਣੇ ਆਪ ਨੂੰ ਵਿਅਕਤੀ-ਪੂਜਾ, ਦੇਵ-ਪੂਜਾ, ਸਥਾਨ-ਪੂਜਾ ਤੇ ਭੇਖ-ਪੂਜਾ ਨਾਲ ਨਹੀਂ ਜੋੜਿਆ। **ਗੁਰੂ ਗੋਬਿੰਦ ਸਿੰਘ ਜੀ ਸਦਾ ਪਰਮ ਪੁਰਖ ਦੀ ਪ੍ਰਾਪਤੀ ਦੇ ਅਨੰਦ ਵਿਚ ਤੇ ਅਨੰਤ ਨਾਮ ਦੇ ਰਸਿਕ ਗਾਇਕ ਦੇ ਰੂਪ ਵਿਚ ਉਜਾਗਰ ਹੋਏ।** ਸ੍ਰੀ ਦਸਮ ਗ੍ਰੰਥ ਦੇ ਹੇਠਲੇ ਵਾਕ ਉਹਨਾਂ ਦੀ ਆਤਮਕ-ਭਾਵਨਾ ਨੂੰ ਹੀ ਸਪੱਸ਼ਟ ਕਰਦੇ ਹਨ:

ਪਖਾਣ ਪੂਜ ਹੋਂ ਨਹੀਂ ॥ ਨ ਭੇਖ ਭੀਜ ਹੋਂ ਕਹੀਂ ॥
ਅਨੰਤ ਨਾਮੁ ਗਾਇ ਹੋਂ ॥ ਪਰਮ ਪੁਰਖ ਪਾਇ ਹੋਂ ॥੩੫॥
ਬਿਅੰਤ ਨਾਮ ਧਿਆਇ ਹੋਂ ॥ ਪਰਮ ਜੋਤਿ ਪਾਇ ਹੋਂ ॥
ਨ ਧਿਆਨ ਆਨ ਕੋ ਧਰੋਂ ॥ ਨ ਨਾਮ ਆਨ ਉਚਰੋਂ ॥੩੮॥ [ਬਚਿਤ੍ਰ ਨਾਟਕ, ਧਿਆ: ੬

(੩)

ਗੁਰੂ ਗੋਬਿੰਦ ਸਿੰਘ ਜੀ ਦਾ ਅਵਰ ਵਾਸ਼ਨਾ ਦਾ ਤਿਆਗ, ਧਰਮ ਯੁੱਧ ਦਾ ਚਾਅ, ਮੁਖ ਵਿਚਾਰ ਤੇ ਚਿੱਤ ਵਿਚ ਵਿਕਾਰਾਂ ਵਿਰੁੱਧ ਯੁੱਧ, ਆਪਣੇ ਪ੍ਰਭੂ ਪਾਸੋਂ ਮੰਗੇ ਵਰ-ਦਾਨ 'ਸੁਭ ਕਰਮਨ ਤੇ ਕਬਹੂੰ ਨ ਟਰੋਂ' ਤੇ 'ਰਣ ਮਹਿ ਜੂਝ ਮਰੋਂ' ਇਹ ਤਿਆਗ, ਧਰਮ ਯੁੱਧ, ਜੂਝ ਮਰੋ ਤੇ ਸੁਭ ਕਰਮਨ ਦੀ ਬਿਰਤੀ ਤੇ ਕ੍ਰਿਆ ਵੀ ਆਤਮਕ ਮੰਡਲ ਦੀ ਬਿਰਤੀ ਤੇ ਕ੍ਰਿਆ ਹੀ ਹੈ। ਆਤਮਕ ਮੰਡਲ ਦੀ ਬਿਰਤੀ ਸਦਾ ਪ੍ਰਭੂ-ਪ੍ਰੇਮ, ਧਰਮ-ਪ੍ਰੇਮ, ਮਾਨਵ-ਪ੍ਰੇਮ ਤੇ ਸਭਿਆਚਾਰਕ-ਪ੍ਰੇਮ ਤੋਂ ਪਛਾਣੀ ਜਾਂਦੀ ਹੈ, ਤੇ ਆਤਮਕ ਮੰਡਲ ਦੀ ਕ੍ਰਿਆ ਹਮੇਸ਼ਾ ਕੁਰਬਾਨੀ ਤੇ ਸ਼ਹੀਦੀ ਸਾਕਿਆਂ ਤੋਂ ਜਾਣੀ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਭੂ-ਪ੍ਰੇਮ, ਧਰਮ-ਪ੍ਰੇਮ, ਮਾਨਵ-ਪ੍ਰੇਮ ਤੇ ਸਭਿਆ-ਚਾਰਕ-ਪ੍ਰੇਮ ਸਿੱਖਰ ਦੇ ਪ੍ਰੇਮ ਵਿਚ ਕੀਤੇ ਪ੍ਰੇਮਾਂ ਦਾ ਸਰੂਪ ਜੇ ਵਾਸ਼ਨਾ ਵਾਲਾ ਨਹੀਂ, ਪ੍ਰਭੂ, ਧਰਮ, ਨਾਮ ਤੇ ਮਾਨਵਭਾਵੀ ਹੈ, ਸੇਵਾ ਤੇ ਉਪਕਾਰ ਹਿੱਤ ਹੈ, ਤਾਂ ਉਹ 'ਪ੍ਰੇਮ' ਸਿਰਜਨਾਤਮਿਕ ਵੀ ਹੈ ਤੇ ਪ੍ਰਭੂ-ਪ੍ਰਾਪਤੀ ਦਾ ਯੋਗ ਸਾਧਨ ਵੀ। ਪ੍ਰਭੂ-ਪ੍ਰਾਪਤੀ ਲਈ ਗੁਰੂ ਗੋਬਿੰਦ ਸਿੰਘ ਜੀ ਦਾ ਦੁਆਰੇ, ਵਿਧੀ, ਭੇਖ ਤੇ ਬੋਲੀ ਪ੍ਰਤੀ ਪ੍ਰੇਮ ਵੀ ਵਿਰੋਧ ਨਹੀਂ ਰਿਹਾ। ਗੁਰੂ ਪਰੰਪਰਾ ਤੇ ਖ਼ਾਸ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਭੂ-ਪ੍ਰਾਪਤੀ ਲਈ ਨਾ-ਕੇਵਲ ਪੂਰੀ ਖੁਲ੍ਹ ਤੇ ਆਜ਼ਾਦੀ ਹੀ ਦਿਤੀ, ਸਗੋਂ ਹਰ ਧਰਮ ਦੇ ਸਾਧਨਾਂ ਤੇ ਵਿਧੀਆਂ ਪ੍ਰਤੀ ਸਤਿਕਾਰ ਵੀ ਪ੍ਰਗਟਾਇਆ। ਜਿਵੇਂ ਕਿ ਜਗਤ ਪ੍ਰਸਿੱਧ ਬਾਣੀ 'ਜਾਪੁ ਸਾਹਿਬ' ਵਿਚ ਭਾਰਤੀ ਧਰਮਾਂ ਵਲੋਂ ਨਿਯੁਕਤ ਰੱਬੀ ਨਾਵਾਂ, ਪੂਜਾ-ਵਿਧੀਆਂ ਤੇ ਬੋਲੀਆਂ ਦੇ ਵਖੇਵਿਆਂ ਤੋਂ ਮੁਕਤ ਹੋ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਵਿਸਮਾਦ ਵਿਚ ਆ ਕੇ ਨਮਸਕਾਰ ਕੀਤੀ ਹੈ, ਖਾਸ ਕਰ ਕੇ 'ਸ੍ਰੀ ਅਕਾਲ ਉਸਤਤਿ' ਵਿਚ ਲਗਾਤਾਰ ਛੇ ਘੰਟੇ ੧੬੦੦੦ ਵਾਰੀ 'ਤੂੰਹੀਂ ਤੂੰਹੀਂ' ਦੀ ਧੁਨੀ ਨੂੰ ਉਜਾਗਰ ਕੀਤਾ ਹੈ। ਨਿਸਚੇ ਹੀ ਸਾਡਾ ਦ੍ਰਿਸ਼ਟੀ-ਮੰਡਲ ਗੁਰੂ ਗੋਬਿੰਦ ਸਿੰਘ ਜੀ ਨੂੰ ਆਤਮਕ ਮੰਡਲਾਂ ਦਾ ਪਾਸਾਰ ਦਿਸਦਾ ਹੈ। ਪ੍ਰੇਮ-ਅਨੁਭਵ ਵਿਚ ਜੀਵਿਆ ਹਰ ਪਲ, ਬੋਲਿਆ ਬਾਣੀ-ਵਾਕ ਤੇ ਗੁਰਬਾਣੀ ਨਾਲ ਸ਼ਿੰਗਾਰਿਆ ਹਰ ਧਰਮ ਉਚੇ ਤੋਂ ਉਚਾ ਹੋਣ ਦਾ ਹੀ ਪ੍ਰਤੀਕ ਹੈ। **ਆਤਮਕ ਮੰਡਲ' ਸੰਸਾਰੀ ਮੰਡਲਾਂ ਵਿਚੋਂ ਸਭ ਤੋਂ ਉੱਚਾ ਤੇ ਪਵਿੱਤਰ ਮੰਡਲ ਹੈ।** ਗੁਰੂ ਗੋਬਿੰਦ ਸਿੰਘ


www.AKJ.Org

ਮੁਗਲਾਂ ਨਾਲ ਲੜੇ, ਪਹਾੜੀ ਰਾਜਿਆਂ ਨਾਲ ਲੜੇ, ਵਾਸ਼ਨਾਵਾਂ ਵਿਚ ਫਸੇ ਦੁਸ਼ਟ-ਦੋਖੀਆਂ ਨਾਲ ਲੜੇ, ਹਾਂ ਇਕ ਤੱਥ ਸਦਾ ਸਪੱਸ਼ਟ ਰਿਹਾ ਹੈ ਕਿ ਹਰ ਲੜਾਈ ਵਿਚ ਲੜਨ ਤੇ ਜਿੱਤ ਦਾ ਪੱਧਰ ਇਕੋ ਹੀ ਰਿਹਾ ਹੈ। ਜੇ ਭਾਈ ਘਨੱਈਆ, ਵਿਰੋਧੀ ਜ਼ਖ਼ਮੀ ਯੋਧਿਆਂ ਨੂੰ ਮਰ੍ਹਮ-ਪਟੀ ਕਰ ਰਿਹਾ ਹੈ, ਤਾਂ ਗੁਰੂ ਗੋਬਿੰਦ ਸਿੰਘ ਜੀ ਭਾਈ ਘਨੱਈਆ ਉਤੇ ਨਾਰਾਜ਼ ਨਹੀਂ ਹੋਏ, ਬਲਕਿ ਮਾਨਵ-ਸੇਵਾ ਪ੍ਰਤੀ ਪ੍ਰਸੰਨ ਹੋਏ ਹਨ। ਜੇ ਰਣ ਵਿਚ ਜੂਝ-ਜਿਤੇ ਹਨ, ਤਾਂ ਇੰਨੀ ਖੁਸ਼ੀ ਦਾ ਪ੍ਰਗਟਾਵਾ ਨਹੀਂ ਕੀਤਾ, ਜਿੰਨਾ ਕ੍ਰਿਆ ਨਾਲ ਅਕਾਲ ਪੁਰਖ ਦਾ ਧੰਨਵਾਦ ਕੀਤਾ ਹੈ। ਕ੍ਰਿਆ ਨਾਲ ਪ੍ਰਤੀ ਧੁਰ-ਅੰਦਰੋਂ ਪ੍ਰਕਾਸ਼ਮਾਨ ਹੋਇਆ ਧੰਨਵਾਦ ਵੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਤਮਕ ਮੰਡਲ ਦਾ ਵਾਸੀ ਹੀ ਸਿੱਧ ਕਰਦਾ ਹੈ।

(੪)

'ਤਵ ਪ੍ਰਸਾਦਿ ਸਵੈਯੇ' ਦੇ ਅਧਿਐਨ ਤੋਂ ਇਕ ਤੱਥ ਹੋਰ ਸਪੱਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਆਤਮਕ ਦ੍ਰਿਸ਼ਟੀ ਵਿਚ, **ਹੇਠ ਲਿਖੀ ਜੀਵਨ-ਕ੍ਰਿਆ ਬਿਲਕੁਲ ਹੀ ਪਰਵਾਨ ਨਹੀਂ :–**

੧. ਸਭ ਦੇਸ-ਦਿਸਾਨ ਨੂੰ ਜਿਤ ਕੇ, ਖੁਸ਼ੀਆਂ ਵਿਚ ਢੋਲ ਮ੍ਰਿਦੰਗ ਅਤੇ ਨਗਾਰਿਆਂ ਨੂੰ ਵਜਾਣਾ।

੨. ਤੀਰਥ ਇਸ਼ਨਾਨ ਤੇ ਦਾਨ-ਪੁੰਨ ਦੇ ਨਾਮ ਤੇ ਸੰਜਮ ਕਰਨਾ।

੩. ਮਨ ਵਿਚ ਭਾਰੀ ਗੁਮਾਨ ਰਖ ਕੇ ਪਰਬਤ ਵਾਂਗ ਸਥਿਰ ਹੋ ਜਾਣਾ।

੪. ਆਪਣੇ ਆਪ ਨੂੰ ਵੱਡੇ ਤੋਂ ਵੱਡਾ ਸੂਰਮਾ ਕਹਿਣਾ।

੫. ਤ੍ਰਿਲੋਕੀ ਦਾ ਰਾਜ-ਅਧਿਕਾਰੀ ਬਣ ਬੈਠਣਾ।

੬ ਦੋਵੇਂ ਅੱਖਾਂ ਮੂੰਦ ਕੇ ਬਗਲੇ ਵਾਂਗੂੰ ਸਮਾਧੀ-ਸਥਿਰ ਹੋਣਾ।

੭. ਮਹਾਨ-ਪੂਜਯ ਬਣਨਾ ਤੇ ਗਲ ਵਿਚ ਸ਼ਿਵਲਿੰਗ ਲਟਕਾਈ ਰਖਣਾ।

੮. ਕੂੜ-ਕ੍ਰਿਆ ਵਿਚ ਉਰਝੇ ਰਹਿਣਾ।

ਗੁਰੂ ਗੋਬਿੰਦ ਸਿੰਘ ਜੀ ਦਾ ਸਿਧਾਂਤ ਇਹ ਸੀ ਕਿ ਉਪ੍ਰੋਕਤ ਸਾਰੀ ਜੀਵਨ-ਕ੍ਰਿਆ ਬਾਹਰਮੁਖੀ ਹੈ। ਆਤਮਕ ਮੰਡਲ ਜਾਂ ਪ੍ਰਭੂ-ਪ੍ਰਾਪਤੀ ਲਈ ਇਸ ਸਾਰੀ ਕ੍ਰਿਆ ਦਾ ਕੋਈ ਮੁੱਲ ਅਤੇ ਮਹੱਤਵ ਨਹੀਂ।

ਬੀਰ ਹੋਵੇ ਜਾਂ ਬੀਰ ਅਪਾਰ ਹੋਵੇ, ਭੂਪ ਹੋਵੇ ਜਾਂ ਭੂਪ ਅਧਿਕਾਰੀ ਹੋਵੇ, ਗੁਰੂ ਗੋਬਿੰਦ ਸਿੰਘ ਜੀ ਦਾ ਨਿਰਣਾ ਇਹ ਹੈ ਕਿ ਜੇ ਉਸ ਕੋਲ ਭਗਵਾਨ-ਭਜਨ ਨਹੀਂ, ਜੇ ਉਸ ਕੋਲ ਸ੍ਰੀ ਪਤਿ ਸ੍ਰੀ ਭਗਵਾਨ-ਕਿਰਪਾ ਨਹੀਂ, ਤਾਂ ਉਹ ਬੀਰ, ਭੂਪ ਤੇ ਰਾਜ-ਅਧਿਕਾਰੀ ਤਾਂ ਹੋ ਸਕਦਾ ਹੈ, ਪਰ ਆਤਮਕ ਮੰਡਲ ਦਾ ਵਾਸੀ ਨਹੀਂ ਹੋ ਸਕਦਾ। ਆਤਮਕ ਮੰਡਲ ਦਾ ਵਾਸੀ ਬਣਨ ਲਈ ਪ੍ਰਭੂ-ਕ੍ਰਿਆ ਦੀ ਪ੍ਰਾਪਤੀ ਅਤਿ ਜ਼ਰੂਰੀ ਹੈ। ਗੁਰੂ ਗੋਬਿੰਦ ਸਿੰਘ ਜੀ ਨੂੰ ਤਾਂ ਪ੍ਰਭੂ-ਆਇਸ ਵਿਚ ਹੀ ਅਕਾਲ ਪੁਰਖ ਦੀ ਸਾਰੀ ਸਮਰੱਥਾ ਤੇ ਕਿਰਪਾ-ਦ੍ਰਿਸ਼ਟੀ ਪ੍ਰਾਪਤ ਹੋ ਗਈ ਸੀ। ਇਸ ਕਿਰਪਾ-ਦ੍ਰਿਸ਼ਟੀ ਕਾਰਨ ਹੀ ਗੁਰੂ ਗੋਬਿੰਦ ਸਿੰਘ ਜੀ ਹਰ ਸਥਿਤੀ ਤੇ ਹਰ ਸੰਕਟ ਵਿਚ ਵੀ ਆਤਮਕ ਮੰਡਲ ਨਾਲ ਜੁੜੇ ਰਹੇ।

(੫)

ਗੁਰੂ ਗੋਬਿੰਦ ਸਿੰਘ ਜੀ ਦੀ ਸਮੁੱਚੀ ਉਮਰ ਭਾਵੇਂ ੪੨ ਸਾਲ ਦੀ ਹੈ, ਪਰ ਇਤਿਹਾਸ ਸਾਖੀ ਹੈ ਕਿ ੧੬੭੫ ਤੋਂ ੧੭੦੮ ਤਕ, ਉਹ ਘਟੋ ਘੱਟ ੩੩ ਸਾਲ ਸੰਘਰਸ਼ ਤੇ ਸੰਕਟ ਨਾਲ ਹੀ ਘਿਰੇ ਰਹੇ। ਹਾਲਾਂ ਭਾਂਤਿ ਭਾਂਤਿ ਦੀ ਸਿੱਛਾ ਪ੍ਰਾਪਤ ਕਰ ਰਹੇ ਸਨ ਕਿ ਪਿਤਾ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ 'ਕਿਰਪਾ ਰਾਮ' ਦੀ ਅਗਵਾਈ ਹੇਠ ਕਸ਼ਮੀਰੀ ਪੰਡਿਤਾਂ ਦਾ ਇਕ ਜੱਥਾ ਆ ਗਿਆ। ਸੰਕਟ ਸਪੱਸ਼ਟ ਸੀ ਕਿ ਕੋਈ ਸੀਸ ਦੀ ਕੁਰਬਾਨੀ ਦੇਵੇ ਤਾਂ ਤਿਲਕ-ਜੰਞੂ ਦੀ ਤੇ ਬ੍ਰਾਹਮਣੀ ਧਰਮ ਦੀ ਸੁਰੱਖਿਆ ਹੁੰਦੀ ਹੈ, ਨਹੀਂ ਤਾਂ ਸਭ ਬ੍ਰਾਹਮਣ-ਹਿੰਦੂਆਂ ਨੂੰ ਮਲੇਛ ਭਾਖਿਆ ਵਿਚ ਵਿਚਰਨਾ ਪੈਂਦਾ ਸੀ। ਸੰਕਟ ਬੜਾ ਗੰਭੀਰ ਸੀ। ਔਰੰਗਜ਼ੇਬ ਹਰ ਪਾਸੇ ਡਰ ਤੇ ਤ੍ਰਾਸ ਦਾ ਵਾਤਾਵਰਨ ਸਿਰਜ ਰਿਹਾ ਸੀ। ਅਜਿਹੀ ਸੰਕਟ ਦੀ ਸਥਿਤੀ ਵਿਚੋਂ ਬ੍ਰਾਹਮਣਾਂ ਨੂੰ ਕੋਈ

 [ਬਾਕੀ ਸਫ਼ਾ ੨੮ ਹੇਠ] 

www.AKJ.Org

# ਕਬਿਤ ਸਵੱਯੇ ਭਾਈ ਗੁਰਦਾਸ ਜੀ (੨੨)

ਨੈਹਰ ਕੁਆਰਿ ਕੰਨਿਆ ਲਾਡਿਲੀ ਕੈ ਮਾਨੀਅਤ,
ਬਿਆਹੇ ਸਸੁਰਾਰ ਜਾਇ ਗੁਨਨ ਕੈ ਮਾਨੀਐ ॥
ਬਨਜ ਬਿਉਹਾਰ ਲਗਿ, ਜਾਤ ਹੈ ਬਿਦੇਸ ਪ੍ਰਾਨੀ,
ਕਹੀਏ ਸਪੂਤੁ ਲਾਭ ਲਭਤ ਕੈ ਆਨੀਐ ॥
ਜੈਸੇ ਤਉ ਸੰਗ੍ਰਾਮ ਸਮੈ ਪਰ-ਦਲ ਮੈ ਅਕੇਲੋ ਜਾਇ,
ਜੀਤ ਆਵੈ ਸੋਈ ਸੂਰੋ ਸੁਭਟ ਬਖਾਨੀਐ ॥
ਮਾਨਸ ਜਨਮੁ ਪਾਇ ਚਰਨ ਸਰਨਿ ਗੁਰ,
ਸਾਧ ਸੰਗਿ ਮਿਲੈ ਗੁਰ ਦਵਾਰਿ ਪਹਿਚਾਨੀਐ ॥੧੧੮॥

**ਪਦ ਅਰਥ** : ਨੈਹਰ–ਪਿਤਾ ਦਾ ਘਰ, ਪੇਕਾ ਘਰ। ਬਿਆਹੇ–ਵਿਆਹੇ ਜਾਣ ਤੇ। ਸਸੁਰਾਰ–ਸਹੁਰਾ ਘਰ। ਗੁਨਨ ਕੈ–ਗੁਣਾਂ ਕਰਕੇ। ਮਾਨੀਐ–ਮਾਨਤ ਮੰਨੀ ਜਾਂਦੀ ਹੈ, ਮਾਨਤਾ ਪਾਉਂਦੀ ਹੈ। ਸਪੂਤੁ–ਸਪੁਤਰ। ਲਭਤ ਕੈ–ਖਟ ਕੇ। ਸੰਗ੍ਰਾਮ–ਜੁਧ। ਪਰ ਦਲ–ਪਰਾਇਆ ਦਲ, ਪਰਾਈ ਫ਼ੌਜ। ਸੂਰੋ ਸੁਭਟੁ–ਬਹਾਦਰ ਸੂਰਮਾ। ਬਖਾਨੀਐ–ਆਖੀਦਾ ਹੈ। ਗੁਰ ਦਵਾਰਿ–ਸਤਿਗੁਰੂ ਦੇ ਦਰ ਤੇ।

**ਅਰਥ** : (ਜਿਵੇਂ) ਪੇਕੇ ਘਰ ਕੁਆਰੀ ਕੰਨਿਆ ਲਾਡਲੀ ਕਰਕੇ ਮੰਨੀ ਜਾਂਦੀ ਹੈ, ਪਰ ਵਿਆਹੇ ਜਾਣ ਤੇ ਸਹੁਰੇ ਘਰ ਜਾ ਕੇ ਗੁਣਾਂ ਕਰਕੇ ਮਾਨਤਾ ਪਾਉਂਦੀ ਹੈ।

---

[ਸਫ਼ਾ ੨੭ ਦੀ ਬਾਕੀ]

ਦੁਨਿਆਵੀ ਬੀਰ, ਭੂਪ ਤੇ ਰਾਜ-ਅਧਿਕਾਰੀ ਨਹੀਂ ਸੀ ਬਚਾ ਸਕਦਾ। ਹਾਂ, ਕੇਵਲ ਆਤਮਕ ਮੰਡਲ ਦਾ ਵਾਸੀ, ਜਿਹੜਾ ਨਿਰਭਉ ਨਾਲ ਜੁੜਿਆ ਹੋਵੇ ਤੇ ਹੋਵੇ ਭੈਅ-ਮੁਕਤ, ਕੇਵਲ ਐਸੀ ਅਡੋਲ ਸ਼ਖ਼ਸੀਅਤ ਹੀ ਸੰਕਟ ਤੋਂ ਆਜ਼ਾਦ ਕਰਾ ਸਕਦੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਪਿਤਾ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕਰਵਾ ਕੇ ਕੇਵਲ ਬ੍ਰਾਹਮਣੀ ਧਰਮ ਨੂੰ ਸੰਕਟ ਤੋਂ ਹੀ ਨਹੀਂ ਬਚਾਇਆ, ਸਗੋਂ ਬਾਲ ਉਮਰ ਵਿਚ ਹੀ ਆਤਮਕ ਮੰਡਲ ਦਾ ਵਾਸੀ ਹੋਣ ਦਾ ਪ੍ਰਮਾਣ ਪ੍ਰਗਟ ਕੀਤਾ। ਪਿਤਾ ਤੇ ਪੰਥ-ਪਿਆਰੇ ਸਿੱਖ ਸ਼ਹੀਦ ਹੋ ਰਹੇ ਹਨ, ਪਰ ਗੁਰੂ ਗੋਬਿੰਦ ਸਿੰਘ ਜੀ ਆਪਣੀ ਝੋਲੀ ਵਿਚ ਪਿਤਾ ਦਾ ਸੀਸ ਰਖ, ਬੜੇ ਅਡੋਲ ਹੋ, ਪ੍ਰਭੂ-ਪੁਰ ਵਿਚ ਬਿਰਾਜਮਾਨ ਹਨ। ਜੇ ਅਨੰਦਪੁਰ ਛੱਡ, ਸਰਸਾ ਨਦੀ ਦੇ ਕਿਨਾਰੇ ਪਰਿਵਾਰ-ਵਿਛੋੜਾ ਹੋਇਆ ਹੈ—ਜੋੜਾ ਕਿਸੇ ਪਾਸੇ, ਘੋੜਾ ਕਿਸੇ ਪਾਸੇ, ਤਾਂ ਪਰਿਵਾਰ-ਵਿਛੋੜੇ ਦਾ ਇੰਨਾ ਦੁਖ ਤੇ ਪੀੜਾ ਨਹੀਂ ਸੀ, ਜਿੰਨਾ ਅੰਮ੍ਰਿਤ ਵੇਲੇ 'ਆਸਾ ਦੀ ਵਾਰ' ਕੀਰਤਨ ਕਰ-ਸੁਣ ਕੇ ਆਪਣੀ ਰਸਿਕ ਮੌਜ ਨੂੰ ਮਾਣ ਰਹੇ ਹਨ।

ਚਾਰੇ ਸਾਹਿਬਜ਼ਾਦੇ, ਮਾਤਾ ਗੁਜਰੀ ਤੇ ਅਨੇਕਾਂ ਪੰਥ-ਪਿਆਰੇ ਸਿੱਖ ਸ਼ਹੀਦ ਹੋ ਗਏ ਹਨ, ਪਰ ਸਰਬੰਸ-ਦਾਨੀ ਬੜੇ ਸਬਰ ਤੇ ਸਿਦਕ ਨਾਲ, ਆਪਣੇ ਕੌਮੀ-ਆਦਰਸ਼ਾਂ ਦੀ ਸਫਲਤਾ ਲਈ ਆਖ ਰਹੇ ਹਨ ਕਿ "ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ।" ਸਹੀ ਅਰਥਾਂ ਵਿਚ ਐਸਾ ਸਿਦਕ ਤੇ ਸਾਹਸ ਕੇਵਲ ਤੇ ਕੇਵਲ ਪ੍ਰਭੂ-ਵਰਦਾਨ ਹੀ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੂੰ ਪ੍ਰਭੂ-ਵਰਦਾਨ ਵੀ ਪ੍ਰਾਪਤ ਸੀ। ਪ੍ਰਭੂ-ਵਰਦਾਨ ਵਾਲਾ ਕਦੀ ਆਪਣੇ ਆਪ ਨੂੰ ਇਕੱਲਾ ਨਹੀਂ ਸਮਝਦਾ; ਉਸ ਦਾ ਆਤਮ-ਵਿਸ਼ਵਾਸ ਇਹ ਬਣ ਜਾਂਦਾ ਹੈ ਕਿ ਜਿਤ ਕੇ ਜੈਕਾਰ ਸਦਾ 'ਪ੍ਰਭੂ ਕੇ ਪੰਥ' ਦੀ ਹੋਣੀ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਆਤਮ-ਵਿਸ਼ਵਾਸ, ਸਾਰੀ ਜ਼ਿੰਦਗੀ, ਐਸਾ ਹੀ ਮੂਰਤੀਮਾਨ ਹੋਇਆ ਹੈ। **ਖਾਲਸੇ ਦੀ ਸਿਰਜਨਾ ਤੇ ਦਸਾਂ ਪਾਤਿਸ਼ਾਹੀਆਂ ਦੀ ਜੋਤਿ—ਸ੍ਰੀ ਗੁਰੂ ਗ੍ਰੰਥ ਸਾਹਿਬ ਆਤਮ-ਵਿਸ਼ਵਾਸ ਦਾ ਹੀ ਪ੍ਰਕਾਸ਼ ਤੇ ਚਮਤਕਾਰ ਹੈ।** ਗੁਰੂ ਗੋਬਿੰਦ ਸਿੰਘ ਜੀ ਦੀ ਸਾਰੀ ਬਾਣੀ– ਪ੍ਰਕਾਸ਼ ਜੀਵਨ-ਚਮਤਕਾਰ, ਬੰਸ ਤੇ ਪੰਥ ਦੀਆਂ ਕੁਰਬਾਨੀਆਂ ਦਾ ਇਤਿਹਾਸ, ਨਿਸਚੇ ਹੀ ਆਤਮਕ ਮੰਡਲ ਦਾ ਪ੍ਰਕਾਸ਼, ਚਮਤਕਾਰ ਤੇ ਇਤਿਹਾਸ ਹੈ।



www.AKJ.Org

(ਜਿਵੇਂ) ਵਣਜ ਵਿਹਾਰ ਵਿਚ ਲਗ ਕੇ ਮਨੁੱਖ ਪਰਦੇਸ ਜਾਂਦਾ ਹੈ, ਪਰ ਸਪੁਤਰ (ਓਦੋਂ ਹੀ) ਆਖੀਦਾ ਹੈ (ਜਦੋਂ ਉਹ) ਲਾਭ ਖੱਟ ਕੇ ਲਿਆਂਦਾ ਹੈ।

(ਜਿਵੇਂ ਕੋਈ ਸੂਰਬੀਰ) ਪਰਾਈ ਫ਼ੌਜ ਵਿਚ ਇਕੱਲਿਆਂ ਜਾ ਕੇ ਜਿਤ ਕੇ ਆਵੇ ਤਾਂ ਉਸ ਨੂੰ ਬਹਾਦਰ ਸੂਰਬੀਰ ਆਖੀਦਾ ਹੈ।

ਤਿਵੇਂ ਮਨੁਖਾ ਜਨਮ ਪਾ ਕੇ (ਜੋ ਪ੍ਰਾਣੀ) ਸਤਿਗੁਰ-ਚਰਨਾਂ ਦੀ ਓਟ ਲੈ ਕੇ ਸਾਧ ਸੰਗਤ ਨਾਲ ਮਿਲ ਕੇ ਸਿਫ਼ਤ-ਸਲਾਹ ਵਿਚ ਜੁੜਦਾ ਹੈ, ਉਹ ਗੁਰੂ-ਵਾਹਿਗੁਰੂ ਦੇ ਦਰ ਤੇ ਪਰਵਾਨ ਹੁੰਦਾ ਹੈ।੧੧੮।

**ਨੈਹਰ ਕੁਟੰਬ ਤਜਿ ਬਿਆਹੇ ਸਸੁਰਾਰ ਜਾਇ,**
**ਗੁਨਨ ਕੈ ਕੁਲਾ ਬਧੂ ਬਿਰਦ ਕਹਾਵਈ॥**
**ਪੂਰਨ ਪਤਿਬ੍ਰਤਿ ਅਉ ਗੁਰ ਜਨ ਸੇਵਾ ਭਾਇ,**
**ਗ੍ਰਿਹ ਮੈ ਗ੍ਰਿਹੇਸੁਰਿ ਸੁਜਸੁ ਪ੍ਰਗਟਾਵਈ॥**
**ਅੰਤ ਕਾਲਿ ਜਾਇ ਪ੍ਰਿਅ ਸੰਗਿ ਸਹ-ਗਾਮਿਨੀ ਹੁਇ,**
**ਲੋਕ ਪਰਲੋਕ ਬਿਖੈ ਊਚ ਪਦ ਪਾਵਈ॥**
**ਗੁਰਮੁਖਿ ਮਾਰਗਿ ਭੈ ਭਾਇ ਨਿਰਬਾਹ ਕਰੈ,**
**ਧੰਨ ਗੁਰਸਿਖ ਆਦਿ ਅੰਤਿ ਠਹਿਰਾਵਈ॥੧੧੯॥**

**ਪਦ ਅਰਥ** : ਨੈਹਰ ਕੁਟੰਬ—ਪੇਕਾ ਪਰਵਾਰ। ਬਿਆਹੇ—ਵਿਆਹੇ ਜਾਣ ਤੇ। ਸਸੁਰਾਰ—ਸਹੁਰਾ ਘਰ। ਗੁਨਨ ਕੈ—ਗੁਣਾਂ ਕਰਕੇ। ਬਿਰਦ—ਬਿਰਧ, ਵਡੀ। ਕੁਲਾ-ਬਧੂ—ਉਚੇ ਘਰਾਣੇ ਦੀ ਨੂੰਹ। ਅਉ—ਅਤੇ। ਗੁਰ ਜਨ—ਵਡੇ ਵਡੇਰੇ। ਭਾਇ—ਪਿਆਰ ਨਾਲ। ਗ੍ਰਿਹ ਮੈ—ਘਰ ਵਿਚ। ਗ੍ਰਿਹੇਸੁਰਿ—ਗ੍ਰਹਿਸ਼ਵਰੀ, ਘਰ ਦੀ ਸੁਆਮਣ, ਮਾਲਕਣ। ਸੁਜਸ—ਚੰਗਾ ਜਸ। ਪ੍ਰਿਅ—ਪਿਆਰਾ, ਪ੍ਰੀਤਮ, ਪਤੀ। ਸਹ ਗਾਮਿਨੀ—ਸਾਥਣ। ਬਿਖੈ—ਵਿਚ। ਭੈ—ਡਰ।

**ਅਰਥ** : (ਜਿਵੇਂ ਕੋਈ ਕੰਨਿਆ) ਵਿਆਹੇ ਜਾਣ ਤੇ ਪੇਕਾ ਪਰਵਾਰ ਛਡ ਕੇ, ਸਹੁਰੇ ਘਰ ਜਾ ਕੇ, ਗੁਣਾਂ ਕਰਕੇ ਉਤਮ ਕੁਲ ਦੀ ਵਡੇ ਜਸ ਵਾਲੀ ਬਹੂ ਸਦਵਾਂਦੀ ਹੈ।

ਪੂਰਨ ਪਤੀਬ੍ਰਤ ਧਰਮ ਨਿਭਾਂਦੀ ਹੋਈ ਅਤੇ ਵਡੇ ਵਡੇਰਿਆਂ (ਸਸ ਸਹੁਰੇ ਆਦਿ) ਦੀ ਪ੍ਰੇਮ ਸਹਿਤ ਸੇਵਾ ਕਰ ਕੇ, ਘਰ ਵਿਚ ਮਾਲਕਣ ਹੋਣ ਦਾ ਉਤਮ ਜਸ ਖਟਦੀ ਹੈ।

ਅੰਤ ਸਮੇਂ ਪਤੀ ਦੀ ਸਾਥਣ ਹੋ ਕੇ, ਉਸ ਦੇ ਨਾਲ (ਇਸ ਸੰਸਾਰ ਤੋਂ) ਜਾਂਦੀ ਹੈ ਅਤੇ ਲੋਕ ਪਰਲੋਕ ਵਿਚ ਵੀ ਉਚੇ ਮਰਤਬੇ ਨੂੰ ਪਾਉਂਦੀ ਹੈ।

(ਤਿਵੇਂ) ਗੁਰਸਿੱਖੀ ਮਾਰਗ ਵਿਚ ਜਿਹੜਾ ਗੁਰਮੁਖ ਪ੍ਰਭੂ ਦੇ ਭੈ ਅਤੇ ਪ੍ਰਭੂ ਦੇ ਪਿਆਰ ਵਿਚ ਜੀਵਨ-ਨਿਰਬਾਹ ਕਰਦਾ ਹੈ, ਉਹ ਗੁਰਸਿਖ ਆਦਿ ਤੋਂ ਅੰਤ ਤਕ ਧੰਨਤਾ ਜੋਗ ਹੈ।੧੧੯।

**ਜੈਸੇ ਨ੍ਰਿਪ ਧਾਮ ਭਾਮ ਏਕ ਸੈ ਅਧਿਕ ਏਕ,**
**ਨਾਇਕ ਅਨੇਕ ਰਾਜਾ ਸਬਨ ਲਡਾਵਈ॥**
**ਜਨਮਤ ਜਾ ਕੈ ਸੁਤ, ਵਾਹੀ ਕੈ ਸੁਹਾਗ ਭਾਗ,**
**ਸਕਲ ਰਾਨੀ ਮੈ ਪਟਰਾਨੀ ਸੋ ਕਹਾਵਈ॥**
**ਅਸਨ ਬਸਨ ਸਿਹਜਾਸਨ ਸੰਜੋਗੀ ਸਬੈ,**
**ਰਾਜ ਅਧਿਕਾਰ ਤਉ ਸਪੂਤੀ ਗ੍ਰਿਹ ਆਵਈ॥**
**ਗੁਰਸਿਖ ਸਬੈ ਗੁਰ ਚਰਨ ਸਰਨਿ ਲਿਵ,**
**ਗੁਰਸਿਖ ਸੰਧਿ ਮਿਲੈ ਨਿਜ ਪਦੁ ਪਾਵਈ॥੧੨੦॥**


www.AKJ.Org

**ਪਦ ਅਰਥ** : ਨ੍ਰਿਪ ਧਾਮ–ਰਾਜੇ ਦੇ ਮਹੱਲ। ਭਾਮ–ਇਸਤ੍ਰੀਆਂ। ਅਧਿਕ–ਬਹੁਤ। ਨਾਇਕ–ਮਾਲਕ, ਪਤੀ। ਸਬਨ–ਸਭਨਾਂ ਨੂੰ। ਸੁਤ–ਪੁੱਤਰ। ਵਾਹੀ ਕੇ–ਉਸੀ ਦੇ। ਸਕਲ–ਸਾਰੀਆਂ। ਪਟਰਾਨੀ–ਵਡੀ ਰਾਣੀ। ਅਸਨ ਬਸਨ–ਖਾਣ ਪਹਿਰਨ। ਸਿਹਜਾਸਨ–ਸੇਜਾ ਤੇ ਆਸਣ। ਸਪੂਤੀ–ਪੁੱਤਰ ਵਾਲੀ। ਗ੍ਰਿਹ–ਘਰ। ਸੰਧਿ–ਸੰਧੀ, ਮਿਲਾਪ। ਨਿਜ ਪਦ–ਨਿਜ-ਆਤਮ-ਸੁਖ।

**ਅਰਥ** : ਜਿਵੇਂ ਰਾਜੇ ਦੇ ਮਹੱਲਾਂ ਵਿਚ ਇਕ ਤੋਂ ਇਕ ਵਧ ਚੜ੍ਹਦੀਆਂ ਇਸਤ੍ਰੀਆਂ ਹੁੰਦੀਆਂ ਹਨ, ਅਨੇਕਾਂ ਰਾਣੀਆਂ ਦਾ ਪਤੀ-ਰਾਜਾ ਸਭਨਾਂ ਨੂੰ ਲਾਡ ਲਡਾਉਂਦਾ ਹੈ।

ਜਿਸ ਦੇ ਘਰ ਪੁੱਤਰ ਜੰਮਦਾ ਹੈ ਓਹੋ ਸੁਭਾਗ ਭਾਗ ਵਾਲੀ ਹੁੰਦੀ ਹੈ ਅਤੇ ਸਾਰੀਆਂ ਰਾਣੀਆਂ ਵਿਚੋਂ ਪਟਰਾਣੀ ਓਹੀ ਅਖਵਾਂਦੀ ਹੈ।

ਖਾਣ, ਪਹਿਰਨ ਅਤੇ (ਪਤੀ ਦੀ) ਸੇਜ ਮਾਨਣ ਦਾ ਸੰਜੋਗ ਤਾਂ ਸਾਰੀਆਂ ਨੂੰ ਪ੍ਰਾਪਤ ਹੁੰਦਾ ਹੈ, ਪਰ ਰਾਜ ਦਾ ਅਧਿਕਾਰ ਤਾਂ ਪੁੱਤਰ ਵਾਲੀ ਦੇ ਘਰ ਹੀ ਆਉਂਦਾ ਹੈ।

(ਤਿਵੇਂ) ਸਾਰੇ ਹੀ ਗੁਰਸਿਖ ਸਤਿਗੁਰੂ ਦੀ ਚਰਨ ਸ਼ਰਨ ਵਿਚ ਜੁੜਦੇ ਹਨ, ਪਰ ਜਿਹੜਾ (ਆਪਾ ਗੁਆ ਕੇ) ਸਤਿਗੁਰੂ ਦੇ ਮਿਲਾਪ ਵਿਚ ਲੀਨ ਹੋ ਜਾਂਦਾ ਹੈ,ਓਹੋ ਹੀ ਨਿਜ-ਆਤਮ-ਸੁਖ ਵਾਲੇ ਪਦ ਨੂੰ ਪਾਉਂਦਾ ਹੈ।੧੨੦।

**ਤੁਸ ਮੈ ਤੰਦੁਲ ਬੋਏ ਨਿਪਜੈ ਸਹੰਸ੍ਰ ਗੁਨੋ,**
**ਦੇਹਧਾਰਿ ਕਰਤ ਹੈ ਪਰਉਪਕਾਰ ਜੀ ॥**
**ਤੁਸ ਮੈ ਤੰਦੁਲ ਨਿਰਬਿਘਨ ਨ ਲਾਗੈ ਘੁਨ,**
**ਰਾਖੇ ਰਹੈ ਚਿਰੰਕਾਲ, ਹੋਤ ਨ ਬਿਕਾਰ ਜੀ ॥**
**ਤੁਸ ਮੈ ਨਿਕਸਿ ਹੋਇ ਭਗਨ ਮਲੀਨ ਰੂਪ,**
**ਸ੍ਵਾਦਿ ਕਰਵਾਇ, ਰਾਧੇ ਰਹੈ ਨ ਸੰਸਾਰ ਜੀ ॥**
**ਗੁਰ ਉਪਦੇਸ ਗੁਰਸਿਖ ਗ੍ਰਿਹ ਮੈ ਬੈਰਾਗੀ,**
**ਗ੍ਰਿਹ ਤਜਿ ਬਨਖੰਡ ਹੋਤ ਨ ਉਧਾਰ ਜੀ ॥੧੨੧॥**

**ਪਦ ਅਰਥ** : ਤੁਸ–ਤੁਹ, ਚੌਲਾਂ ਦਾ ਛਿਲਕਾ। ਤੰਦੁਲ–ਚੌਲ। ਨਿਪਜੈ–ਉਗਦਾ ਹੈ। ਸਹਸ੍ਰ ਗੁਨਾ–ਹਜ਼ਾਰਾਂ ਗੁਣਾ। ਦੇਹ ਧਾਰਿ–ਚੌਲ ਬਣ ਕੇ। ਘੁਨ–ਘੁਣ। ਬਿਕਾਰ–ਖ਼ਰਾਬ। ਹੋਇ ਭਗਨ–ਟੁਟਦਾ ਭਜਦਾ ਹੈ। ਮਲੀਨ–ਮੈਲਾ। ਸ੍ਵਾਦਿ ਕਰਵਾਇ–ਸਵਾਦ ਵਿਚ ਕੌੜਾ ਜਿਹਾ। ਰਾਧੇ–ਰਿੰਨ੍ਹਿਆਂ। ਰਹੈ ਨ ਸੰਸਾਰ ਜੀ–ਭਾਵ, ਰਹਿ ਨਹੀਂ ਸਕਦਾ। ਗੁਰ ਉਪਦੇਸ–ਗੁਰੂ ਦੀ ਦੀਖਿਆ, ਗੁਰ-ਮੰਤ੍ਰ, ਗੁਰ-ਸ਼ਬਦ ਦੀ ਬਖ਼ਸ਼ਸ਼। ਗ੍ਰਿਹ ਮੈ–ਗ੍ਰਿਹਸਤ ਵਿਚ। ਬੈਰਾਗੀ–ਤਿਆਗੀ, ਉਪਰਾਮ ਚਿਤ। ਬਨਖੰਡ–ਜੰਗਲਾਂ ਵਿਚ। ਉਧਾਰ–ਮੁਕਤ, ਪਾਰ-ਉਤਾਰਾ।

**ਅਰਥ** : (ਜਿਵੇਂ) ਤੋਹ ਵਿਚ ਹੁੰਦਾ ਹੋਇਆ ਚੌਲ ਬੀਜਿਆ ਜਾਏ ਤਾਂ ਹਜ਼ਾਰਾਂ ਗੁਣਾ ਹੋ ਕੇ ਉਗਦਾ ਹੈ ਅਤੇ ਚੌਲ ਦਾ ਰੂਪ ਧਾਰ ਕੇ (ਸੰਸਾਰ ਵਿਚ) ਉਪਕਾਰ ਕਰਦਾ ਹੈ।

ਤੋਹ ਵਿਚ ਚੌਲ ਨਿਰਵਿਘਨ ਰਹਿੰਦਾ ਹੈ, ਉਸ ਨੂੰ ਘੁਣ ਨਹੀਂ ਲਗਦਾ। ਤੋਹਾਂ ਸਮੇਤ ਰਖਿਆਂ ਬਹੁਤਾ ਚਿਰ ਰਹਿ ਸਕਦਾ ਹੈ ਅਤੇ (ਉਸ ਵਿਚ) ਕੋਈ ਖ਼ਰਾਬੀ ਨਹੀਂ ਆਉਂਦੀ।

(ਪਰ) ਤੋਹਾਂ ਵਿਚੋਂ ਨਿਕਲ ਕੇ ਚੌਲ ਟੁਟ-ਭਜ ਜਾਂਦਾ ਹੈ, ਮੈਲਾ ਹੋ ਜਾਂਦਾ ਹੈ ਅਤੇ ਸਵਾਦ ਵਿਚ ਕੌੜਾ ਜਿਹਾ ਤੇ ਰਿੰਨ੍ਹਿਆਂ ਬਹੁਤ ਚਿਰ ਰਹਿ ਨਹੀਂ ਸਕਦਾ।

(ਤਿਵੇਂ) ਗੁਰਸਿਖ ਗੁਰੂ ਦਾ ਉਪਦੇਸ਼ (ਗੁਰ-ਦੀਖਿਆ) ਪ੍ਰਾਪਤ ਕਰਕੇ, ਗ੍ਰਿਹਸਤ ਵਿਚ ਰਹਿੰਦਾ ਹੋਇਆ (ਸੰਸਾਰ ਦੇ ਮਾਇਆ-ਮੋਹ ਤੋਂ) ਬੈਰਾਗੀ ਹੁੰਦਾ ਹੈ, ਪਰ ਗ੍ਰਿਹਸਤ ਤਿਆਗ ਕੇ ਜੰਗਲਾਂ ਵਿਚ (ਭਟਕਣ ਨਾਲ) ਪਾਰ-ਉਤਾਰਾ ਨਹੀਂ ਹੁੰਦਾ (ਉਸੇ ਦਾ ਪਾਰ-ਉਤਾਰਾ ਹੋਣਾ ਹੈ, ਜੋ ਗੁਰ-ਗਿਆਨ (ਨਾਮ-ਗੁਰ-ਮੰਤਰ) ਨੂੰ ਪ੍ਰਾਪਤ ਕਰਦਾ ਹੈ)।੧੨੧।


www.AKJ.Org

ਹਰਦੀ ਅਉ ਚੂਨਾ ਮਿਲਿ ਅਰੁਨ ਬਰਨ ਜੈਸੇ,
ਚਤੁਰ ਬਰਨ ਕੈ ਤੰਬੋਲ ਰਸ ਰੂਪ ਹੈ ॥
ਦੂਧ ਮੈ ਜਾਮਨ ਮਿਲੈ ਦਧਿ ਕੈ ਬਖਾਨੀਅਤ,
ਖਾਂਡ ਘ੍ਰਿਤ ਚੂਨ ਮਿਲਿ ਬਿੰਜਨ ਅਨੂਪ ਹੈ ॥
ਕੁਸਮ ਸੁਗੰਧਿ ਮਿਲਿ ਤਿਲ ਸੈ ਫੁਲੇਲ ਹੋਤ,
ਸਕਲ ਸੁਗੰਧਿ ਮਿਲਿ ਅਰਗਜਾ ਧੂਪ ਹੈ ॥
ਦੋਇ ਸਿਖ ਸਾਧ ਸੰਗ ਪੰਚ ਪ੍ਰਮੇਸਰ ਹੈ,
ਦਸ ਬੀਸ ਤੀਸ ਮਿਲੇ ਅਬਿਗਤਿ ਊਪ ਹੈ ॥੧੨੨॥

**ਪਦ ਅਰਥ** : ਹਰਦੀ--ਹਲਦੀ। ਅਉ--ਅਤੇ। ਅਰੁਨ—ਲਾਲ। ਬਰਨ--ਰੰਗ। **ਚਤੁਰ--ਚਾਰ। ਤੰਬੋਲ—**ਪਾਨ। ਜਾਮਨ--ਜਾਗ। ਦਧਿ--ਦਹੀਂ। ਬਖਾਨੀਅਤ--ਆਖੀ ਜਾਂਦੀ ਹੈ। ਘ੍ਰਿਤ--ਘਿਉ। ਚੂਨ--ਆਟਾ। ਬਿੰਜਨ ਅਨੂਪ--ਅਤੀ ਸੁਆਦਲਾ ਭੋਜਨ। ਕੁਸਮ—ਫੁਲ। ਅਰਗਜਾ—ਕਈ ਸੁਗੰਧੀਆਂ ਦੇ ਮੇਲ ਤੋਂ ਬਣੀ ਅਤੀ ਸੁਗੰਧਤ ਵਸਤੂ। ਧੂਪ—ਸੁਗੰਧੀ। ਪੰਚ--ਪੰਜ। ਬੀਸ ਤੀਸ--ਵੀਹ ਤੀਹ। ਅਬਿਗਤਿ ਊਪ--ਬੇਅੰਤ ਉਪਮਾ।

**ਅਰਥ** : ਜਿਵੇਂ ਹਲਦੀ ਅਤੇ ਚੂਨਾ (ਦੋਹਾਂ ਦੇ) ਮਿਲਿਆਂ ਲਾਲ ਰੰਗ ਹੁੰਦਾ ਹੈ, ਪਰ ਚਾਰ ਰੰਗ (ਪਾਨ, ਕਥਾ, ਸੁਪਾਰੀ ਤੇ ਚੂਨਾ) ਮਿਲਣ ਨਾਲ ਪਾਨ ਦਾ ਗੂੜ੍ਹਾ ਰੂਪ ਰੰਗ ਹੋ ਜਾਂਦਾ ਹੈ।

(ਜਿਵੇਂ) ਦੁੱਧ ਵਿਚ ਜਾਗ ਲਾਣ ਨਾਲ ਦਹੀਂ ਅਖਵਾਂਦੀ ਹੈ, ਪਰ ਖੰਡ, ਘਿਉ ਤੇ ਆਟਾ ਮਿਲਣ ਨਾਲ ਅਤਿ ਸੁਆਦਲਾ ਭੋਜਨ (ਕੜਾਹ ਪ੍ਰਸ਼ਾਦ) ਹੋ ਜਾਂਦਾ ਹੈ।

(ਜਿਵੇਂ) ਤਿਲਾਂ (ਦੇ ਤੇਲ) ਨਾਲ ਫੁੱਲਾਂ ਦੀ ਸੁਗੰਧੀ ਮਿਲਣ ਨਾਲ ਫੁਲੇਲ ਬਣਦੀ ਹੈ, ਪਰ ਸਾਰੀਆਂ ਸੁਗੰਧੀਆਂ (ਕੇਸਰ, ਕਸਤੂਰੀ, ਚੰਦਨ, ਗੁਲਾਬ ਆਦਿ) ਮਿਲਣ ਨਾਲ ਅਤਿ ਸੁਗੰਧਤ ਪਦਾਰਥ ਅਰਗਜਾ ਬਣ ਜਾਂਦਾ ਹੈ।

(ਤਿਵੇਂ) ਦੋ ਸਿਖ ਮਿਲਣ ਤਾਂ ਸਾਧ ਸੰਗਤ ਅਤੇ ਜੇ ਪੰਜ ਮਿਲ ਜਾਣ ਤਾਂ ਪਰਮੇਸ਼ਰ ਰੂਪ। ਪਰ ਜਿਥੇ ਦਸ, ਵੀਹ, ਤੀਹ ਗੁਰੂ ਕੇ ਅਨੁਸਾਰੀ ਗੁਰਮੁਖ ਮਿਲ ਜਾਣ ਤਾਂ ਉਨ੍ਹਾਂ ਦੀ ਉਪਮਾ ਦਾ ਅੰਤ ਕੋਈ ਨਹੀਂ।੧੨੨।

ਏਕ ਹੀ ਗੋਰਸ ਮੈ ਅਨੇਕ ਰਸ ਕੋ ਪ੍ਰਗਾਸ,
ਦਹਿਓ ਮਹਿਓ ਮਾਖਨ ਅਉ ਘ੍ਰਿਤ ਅਨੁਮਾਨੀਐ ॥
ਏਕ ਹੀ ਊਖਾਰੀ ਸੈ ਮਿਠਾਸ ਕੋ ਨਿਵਾਸ, ਗੁੜ,
ਖਾਂਡ ਮਿਸਰੀ ਅਉ ਕਲੀਕੰਦ ਪਹਿਚਾਨੀਐ ॥
ਏਕ ਹੀ ਗੇਹੂ ਸੈ ਹੋਤ ਨਾਨਾ ਬਿੰਜਨਾਦ ਸ੍ਵਾਦ,
ਭੂੰਨੇ ਭੀਜੇ ਪੀਸੇ ਅਉ ਉਸੇਈ ਬਿਬਿਧਾਨੀਐ ॥
ਪਾਵਕ ਸਲਿਲ ਏਕ ਏਕਹਿ ਗੁਨ ਅਨੇਕ,
ਪੰਚ ਕੇ ਪੰਚਾਮ੍ਰਿਤ, ਸੁ ਸਾਧ ਸੰਗੁ ਜਾਨੀਐ ॥੧੨੩॥

**ਪਦ ਅਰਥ** : ਗੋਰਸ--ਦੁੱਧ। ਪ੍ਰਗਾਸ--ਉਪਜ। ਦਹਿਓ--ਦਹੀਂ। ਮਹਿਓ--ਰੇੜਕਾ, ਲਸੀ। ਘ੍ਰਿਤ--ਘਿਉ। ਅਨੁਮਾਨੀਐ--ਅਨੁਮਾਨੇ ਜਾਂਦੇ ਹਨ, ਸਮਝੇ ਜਾਂਦੇ ਹਨ। ਊਖਾਰੀ--ਗੰਨਾ। ਸੈ--ਤੋਂ। ਕਲੀਕੰਦ--ਕੂਜਾ ਮਿਸ੍ਰੀ। ਗੇਹੂ--ਕਣਕ। ਬਿੰਜਨਾਦ ਸ੍ਵਾਦ--ਕਈ ਪ੍ਰਕਾਰ ਦੇ ਸਵਾਦਲੇ ਭੋਜਨ। ਭੀਜੇ--ਭਿਜੇ ਹੋਏ। ਉਸੇਈ--ਉਬਾਲੇ ਹੋਏ। ਬਿਬਿਧਾਨੀਐ--ਕਈ ਕਿਸਮਾਂ ਦੇ ਬਣਾਈਦੇ ਹਨ। ਪਾਵਕ--ਅਗਨੀ। ਸਲਿਲ—ਪਾਣੀ। ਪੰਚ ਕੈ--ਪੰਜਾਂ ਦੇ ਮਿਲਣ ਨਾਲ। ਪੰਚਾਮ੍ਰਿਤ--ਅੰਮ੍ਰਿਤ ਰੂਪ ਕੜਾਹ ਪ੍ਰਸ਼ਾਦ। ਸੁ--ਇਸੇ ਤਰ੍ਹਾਂ।

**ਅਰਥ** : ਇਕ ਹੀ ਦੁੱਧ ਵਿਚੋਂ ਅਨੇਕਾਂ ਰਸ ਉਪਜਦੇ ਹਨ, (ਦੁਧ ਤੋਂ) ਦਹੀਂ, ਲਸੀ, ਮੱਖਣ ਅਤੇ


www.AKJ.Org

ਘਿਉ ਜਾਣੇ ਜਾਂਦੇ ਹਨ।

ਮਿਠਾਸ ਦਾ ਵਾਸਾ ਹੋਣ ਕਰਕੇ ਇਕ ਹੀ ਗੰਨੇ ਤੋਂ ਗੁੜ, ਖੰਡ, ਮਿਸਰੀ ਅਤੇ ਕੂਜਾ ਮਿਸਰੀ (ਬਣਦੇ) ਵੇਖੇ ਜਾਂਦੇ ਹਨ।

ਇਕ ਹੀ ਕਣਕ ਤੋਂ ਕਈ ਤਰ੍ਹਾਂ ਦੇ ਸਵਾਦਲੇ ਭੋਜਨ, ਭੁੰਨੇ ਹੋਏ, ਭਿਜੇ ਹੋਏ, ਪੀਠੇ ਹੋਏ ਅਤੇ ਉਬਾਲੇ ਹੋਏ ਦੇ ਬਣਾਏ ਜਾਂਦੇ ਹਨ।

ਅੱਗ ਤੇ ਪਾਣੀ ਇਕ ਇਕ (ਭਾਵ ਹਰੇਕ) ਵਿਚ ਕਈ ਗੁਣ ਹਨ, ਪਰ ਪੰਜਾਂ (ਅਗਨੀ, ਪਾਣੀ, ਘਿਉ, ਖੰਡ, ਆਟਾ) ਦੇ ਮਿਲਣ ਨਾਲ ਅੰਮ੍ਰਿਤ ਸਮਾਨ ਕੜਾਹ ਪ੍ਰਸ਼ਾਦ ਬਣ ਜਾਂਦਾ ਹੈ–

ਇਸੇ ਤਰ੍ਹਾਂ ਗੁਰਮੁਖਾਂ ਦੇ ਮਿਲਣ ਨਾਲ ਸਾਧ ਸੰਗਤ ਜਾਣੀ ਜਾਂਦੀ ਹੈ ॥੧੨੩॥

---

# ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲਿਓ !

(ੳ) ਕੀ ਤੁਸੀਂ ਉਸ ਕਲਗੀਆਂ ਵਾਲੇ ਗੁਰੂ ਦੇ ਸਿੱਖ ਹੋ ਜਿਸ ਨੇ ਤੁਹਾਡੀ ਹੋਂਦ ਨੂੰ ਕਾਇਮ ਰਖਣ ਵਾਸਤੇ ਅਤੇ ਤੁਹਾਨੂੰ ਵਧਦਾ ਫੁਲਦਾ ਦੇਖਣ ਵਾਸਤੇ ਆਪਣਾ ਸਰਬੰਸ ਕੁਰਬਾਨ ਕਰ ਦਿੱਤਾ ?

(ਅ) ਕੀ ਤੁਸੀਂ ਉਹਨਾ ਸ਼ਹੀਦਾਂ ਦੀ ਔਲਾਦ ਹੋ ਜਿਨ੍ਹਾਂ ਨੇ ਸਿੱਖੀ ਦੀ ਖ਼ਾਤਰ ਆਰਿਆਂ ਨਾਲ ਤਨ ਚਿਰਵਾਏ, ਖੋਪਰੀਆਂ ਲੁਹਾਈਆਂ, ਬੰਦ ਬੰਦ ਕਟਵਾਏ, ਚਰਖੜੀਆਂ ਤੇ ਚੜ੍ਹੇ, ਦੇਗਾਂ ਵਿਚ ਉਬਾਲੇ ਖਾਧੇ, ਨੇਜ਼ਿਆਂ ਤੇ ਸਿਰ ਟੰਗਵਾਏ, ਜ਼ੁਲਮ ਦਾ ਟਾਕਰਾ ਕਰਦੇ ਹੋਏ ਅਸਹਿ ਤੇ ਅਕਹਿ ਕਸ਼ਟ ਸਹਾਰੇ, ਧਰਮ ਨਹੀਂ ਹਾਰਿਆ, ਸਾਬਤ ਸੂਰਤ ਰਹੇ, ਸਿੱਖੀ ਨੂੰ ਦਾਗ ਨਾ ਲਗਣ ਦਿੱਤਾ ?

(ੲ) ਕੀ ਤੁਸੀਂ ਉਹਨਾਂ ਸੂਰਬੀਰ ਮਾਤਾਵਾਂ ਦੀ ਔਲਾਦ ਹੋ ਜਿਨ੍ਹਾਂ ਆਪਣੇ ਮਾਸੂਮ ਬੱਚਿਆਂ ਦੇ ਟੋਟੇ ਟੋਟੇ ਕਰਵਾਏ, ਝੋਲੀਆਂ ਵਿਚ ਪੁਆਏ, ਬੱਚਿਆਂ ਦੀਆਂ ਆਂਦਰਾਂ ਦੇ ਗਲਾਂ ਵਿਚ ਹਾਰ ਪੁਆਏ, ਜਰਵਾਣਿਆਂ ਦੀਆਂ ਕੈਦ-ਕੋਠੜੀਆਂ ਵਿਚ ਸਵਾ ਸਵਾ ਮਣ ਪੀਸਣ ਪੀਸੇ, ਜੰਗਾਂ ਜੁੱਧਾਂ ਵਿਚ ਆਪਣੇ ਵੀਰਾਂ ਦੇ ਮੋਢੇ ਨਾਲ ਮੋਢਾ ਲਾ ਕੇ ਜੂਝਦੀਆਂ ਰਹੀਆਂ, ਆਪਣੇ ਪਤੀਬ੍ਰਤਾ ਅਤੇ ਸਿੱਖੀ ਧਰਮ ਨੂੰ ਕੇਸਾਂ ਸੁਆਸਾਂ ਸੰਗ ਨਿਭਾਇਆ ?

(ਸ) ਕੀ ਤੁਸੀਂ ਸਾਹਿਬ ਫਤਹ ਸਿੰਘ ਤੇ ਸਾਹਿਬ ਜ਼ੋਰਾਵਰ ਸਿੰਘ ਜਿਹੇ ਅਦੁਤੀ ਭੁਝੰਗੀਆਂ ਦੇ ਵੀਰ ਭਰਾ ਹੋ, ਜਿਹੜੇ ਆਖ਼ਰੀ ਦਮ ਤਕ ਨਿਰਭੈ ਰਹੇ, ਧਰਮ ਤੋਂ ਨਾ ਡੋਲੇ, ਕੇਸ ਕਤੱਲ ਕਰਵਾ ਕੇ ਅਧਰਮੀ ਨਾ ਬਣੇ, ਆਪਣੇ ਸਿੱਖੀ ਬਾਣੇ ਨੂੰ ਲਾਜ ਨਾ ਲਾਈ, ਜੀਉਂਦੇ-ਜੀ ਨੀਹਾਂ ਵਿਚ ਚਿਣੇ ਜਾਣਾ ਮਨਜ਼ੂਰ ਕਰ ਲਿਆ ?

ਜੇ ਤੁਸੀਂ ਉਹਨਾਂ ਸੂਰਮਿਆਂ ਤੇ ਯੋਧਿਆਂ ਦੀ ਸੰਤਾਨ ਹੋ ਜਿਨ੍ਹਾਂ ਤੋਂ ਕਿਸੇ ਵੇਲੇ ਹਕੂਮਤਾਂ ਥਰ ਥਰ ਕੰਬਦੀਆਂ ਸਨ, ਜਿਨ੍ਹਾਂ ਦੀ ਕਿਰਪਾਨ ਗਰੀਬਾਂ ਅਤੇ ਮਜਲੂਮਾਂ ਲਈ ਢਾਲ ਅਤੇ ਜਰਵਾਣਿਆਂ ਤੇ ਜ਼ਾਲਮਾਂ ਲਈ ਤੇਜ਼ ਕਟਾਰ (ਤਲਵਾਰ ਸੀ) ?

ਜੇ ਤੁਸੀਂ ਆਪਣੇ ਆਪ ਨੂੰ ਗੁਰੂ ਨਾਨਕ ਗੁਰੂ ਗੋਬਿੰਦ ਦੇ ਸਿਖ ਅਖਵਾਉਂਦੇ ਹੋ ਤਾਂ ਆਪਣੇ ਗੁਰੂ ਦੇ ਨਾਮ ਨੂੰ ਵੱਟਾ ਕਿਉਂ ਲਗਾ ਰਹੇ ਹੋ ? ਕੇਸਾਂ ਦੀ ਬੇਅਦਬੀ ਕਿਉਂ ਕਰ ਰਹੇ ਹੋ ? ਆਪਣੀ ਸਾਬਤ ਸੂਰਤ ਨੂੰ ਕਿਉਂ ਭੰਨ ਰਹੇ ਹੋ ? ਕੁਰਹਿਤਾਂ ਵਿਚ ਕਿਉਂ ਫਸ ਰਹੇ ਹੋ ? ਸਿੱਖੀ ਤੋਂ ਬੇਮੁੱਖ ਕਿਉਂ ਹੋ ਰਹੇ ਹੋ ? ਪਤਿਤ ਕਿਉਂ ਹੋ ਰਹੇ ਹੋ ? ਸਿੱਖੀ ਰਹੁਰੀਤ ਕਿਉਂ ਭੁਲਦੇ ਹੋ ? ਨਾਮ ਬਾਣੀ ਦੇ ਅੰਮ੍ਰਿਤ ਰਸ ਨੂੰ ਛੱਡ ਕੇ ਬਿਖੇ-ਰਸ ਦੇ ਅਮਲੀ ਕਿਉਂ ਬਣ ਰਹੇ ਹੋ ? ਵਿਸ਼ੇ ਵਿਕਾਰਾਂ ਵਿਚ ਕਿਉਂ ਫਸ ਰਹੇ ਹੋ ? ਗੁਰਮੁਖਤਾਈ ਛੱਡ ਕੇ ਮਨਮੁਖ ਕਿਉਂ ਬਣ ਰਹੇ ਹੋ ? ਨਿਗੂਣੇ ਲਾਲਚਾਂ ਵਿਚ ਫਸ ਕੇ ਆਪਣੀ ਪੱਗ ਨੂੰ ਕਿਉਂ ਦਾਗ ਲਾ ਰਹੇ ਹੋ ? ਅਨਮਤੀਆਂ ਵਿਚ ਕਿਉਂ ਰਲਦੇ ਜਾ ਰਹੇ ਹੋ ? ਆਪਣੀ ਵਿਲੱਖਣਤਾ ਕਿਉਂ ਗੁਆ ਰਹੇ ਹੋ ? ਆਪਣੇ ਅਸਲੇ ਨੂੰ ਕਿਉਂ ਨਹੀਂ ਪਹਿਚਾਣਦੇ ? ਸ਼ੇਰਾਂ ਦੇ ਬੱਚੇ ਭੇਡਾਂ ਨਾਲ ਰਲ ਕੇ ਆਪਣੀ ਸ਼ੇਰਾਂ ਵਾਲੀ ਭਬਕ ਭੁਲ ਕੇ "ਮੈਂ-ਮੈਂ" ਕਿਉਂ ਕਰਨ ਲਗ ਪਏ ਨੇ ?



www.AKJ.Org

# ਬੇਮਿਸਾਲ ਉਲੱਥਾਕਾਰ ਅਤੇ ਖ਼ਾਲਸੇ ਦਾ ਸਿਰਜਣਹਾਰ

[ਪ੍ਰਿੰਸੀਪਲ ਸੱਜਣ ਸਿੰਘ ਜੀ, ੬੧੮/੬, ਗੋਬਿੰਦ ਪੁਰੀ, ਨਵੀਂ ਦਿੱਲੀ-੧੯]

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦਾ ਹਰੇਕ ਪੱਖ ਨਵੀਨਤਾ, ਨਿਆਰੇ-ਪਨ ਤੇ ਪੂਰਨਤਾ ਦਾ ਕਮਾਲ ਹੈ। ਇਸ ਦੇ ਬਾਵਜੂਦ ਹਜ਼ੂਰ ਦਾ ਮਿਸ਼ਨ, ਨਿਸ਼ਾਨਾ ਜਾਂ ਉਪਦੇਸ਼ ਬਾਕੀ ਗੁਰ-ਵਿਅਕਤੀਆਂ ਤੋਂ ਵੱਖਰਾ ਨਹੀਂ ਹੈ। ਇਸ ਤੱਥ ਨੂੰ ਅਨਮਤੀਆਂ ਨੇ ਬੇਸ਼ਕ ਗ਼ਲਤ ਭਾਵਨਾ ਵਿਚ ਲਿਆ ਹੈ, ਪਰ ਪਿਆਰੇ ਗੁਰਸਿੱਖਾਂ ਦੀ ਨਿਰਮਲ, ਅਰੋਗ ਦ੍ਰਿਸ਼ਟੀ ਨੂੰ ਦਸਾਂ ਸਤਿਗੁਰਾਂ ਵਿਚ ਇਕੋ ਨੂਰਾਨੀ ਜੋਤਿ ਦਾ ਪ੍ਰਕਾਸ਼ ਸਪਰਸ਼ ਕਰਦਾ ਹੈ।

ਇਕ ਪਾਸੇ ਸਦੀਆਂ ਦੀ ਗ਼ੁਲਾਮੀ ਨੇ ਹਿੰਦੂਆਂ ਵਿਚ ਆਪਣੀ ਕਿਸਮਤ ਨਾਲ ਸਮਝੌਤਾ ਕਰਨ ਦੀ ਰੁਚੀ ਨੂੰ ਜਨਮ ਦਿੱਤਾ ਸੀ, ਦੂਸਰੇ ਪਾਸੇ ਮੁਗ਼ਲ ਹਕੂਮਤ ਦੀ ਨੀਤੀ ਵਿਚ ਬੇਇਨਸਾਫ਼ੀ, ਤਸ਼ੱਦਦ, ਵਿਤਕਰਾ ਤੇ ਤੁਅੱਸਬ ਦੀ ਪਾਣ ਚੜ੍ਹੀ ਹੋਈ ਸੀ। ਇਸ ਨੂੰ ਜੜ੍ਹੋਂ ਉਖੇੜਨ ਲਈ ਦਸਮੇਸ਼ ਪਿਤਾ ਜੀ ਨੇ ਆਪਣੀ ਰਚਨਾ ਵਿਚ ਆਤਮ ਰਸ ਦੇ ਨਾਲ ਨਾਲ ਬੀਰ-ਰਸ ਨੂੰ ਪਰਮੁਖ ਸਥਾਨ ਦਿੱਤਾ। ਹਜ਼ੂਰ ਨੇ ਭਲੀ ਭਾਂਤ ਉਜਾਗਰ ਕਰ ਦਿਤਾ ਕਿ ਬੀਰ-ਰਸੀ ਕਾਵਿਕ-ਰਚਨਾ ਸਿੱਧੇ ਤੌਰ ਤੇ ਦਿਲ ਨੂੰ ਟੁੰਬਦੀ ਹੈ, ਹਿਰਦੇ ਵਿਚ ਉਤਸ਼ਾਹ ਭਰਦੀ ਹੈ ਤੇ ਸਰੀਰ ਨੂੰ ਬਲਵਾਨ ਬਣਾਉਣ ਲਈ ਪ੍ਰੇਰਨਾ ਪਰਦਾਨ ਕਰਦੀ ਹੈ।

ਪੁਰਾਤਨ ਕਾਲ ਦੀ ਬੀਰਤਾ ਪਰ ਲਾ ਕੇ ਉੱਡ ਗਈ ਸੀ। ਇਸ ਨੂੰ ਉਜਾਗਰ ਕਰਨ ਲਈ ਪਹਾੜ ਦੇ ਦਾਮਨ, ਜਮਨਾ ਦੇ ਕੰਢੇ, ਪਾਉਂਟਾ ਸਾਹਿਬ ਨੂੰ ਕੇਂਦਰੀ ਅਸਥਾਨ ਬਣਾਇਆ। ਗੁਰਦੇਵ ਜੀ ਪੰਜਾਬੀ, ਹਿੰਦੀ, ਬ੍ਰਿਜ ਭਾਸ਼ਾ, ਫ਼ਾਰਸੀ, ਸੰਸਕ੍ਰਿਤ ਦੇ ਗਿਆਤਾ, ਮੌਲਿਕ ਵਿਚਾਰਾਂ ਦੇ ਕਥਨਹਾਰ ਅਤੇ ਚੋਟੀ ਦੇ ਵਿਦਵਾਨ ਸਨ ਤੇ ਇਸ ਯੋਗਤਾ ਦੁਆਰਾ ਨਵੀਂ ਰੂਹ ਫੂਕਣ ਲਈ ਕੁਦਰਤ ਨਾਲ ਸ਼ਿੰਗਾਰੇ ਇਸ ਸੁਹਾਵਣੇ ਅਸਥਾਨ ਤੇ ਕਵੀ ਦਰਬਾਰ ਦੀ ਪਰੰਪਰਾ ਆਰੰਭ ਕੀਤੀ। ਇਸ ਵਿਚ ਚੋਟੀ ਦੇ ਬਵੰਜਾ ਕਵੀ ਯੋਗਦਾਨ ਪਾ ਕੇ ਹਜ਼ੂਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਸਨ। ਹਜ਼ੂਰ ਦੇ ਰੌਸ਼ਨ ਦਿਮਾਗ ਨੇ ਮੁਗਲਾਂ ਦੇ ਜ਼ੁਲਮਾਂ ਹੇਠ ਪੀਠੀ ਹੋਈ ਡਰਪੋਕ ਹੋ ਚੁਕੀ ਹਿੰਦੂ ਜਨਤਾ ਦੇ ਦਿਲਾਂ ਵਿਚ ਹੌਸਲਾ ਤੇ ਸਾਹਸ ਭਰਨ ਲਈ ਉਨ੍ਹਾਂ ਦੇ ਹੀ ਧਰਮ-ਗ੍ਰੰਥਾਂ ਵਿਚ ਵਰਣਿਤ ਬੀਰ-ਰਸੀ ਗਾਥਾਵਾਂ ਨੂੰ ਚੁਣਿਆ ਅਤੇ ਉਨ੍ਹਾਂ ਦਾ ਉਲੱਥਾ ਸੌਖੀ ਭਾਸ਼ਾ ਵਿਚ ਕੀਤਾ ਕਰਵਾਇਆ। ਇਸ ਆਸ਼ੇ ਦੀ ਪੂਰਤੀ ਲਈ ਕਵੀਆਂ ਦੀ ਅਮਲੀ ਰੂਪ ਵਿਚ ਆਪ ਅਗਵਾਈ ਕੀਤੀ। ਹਜ਼ੂਰ ਦੇ ਆਪਣੇ ਬਚਨਾਂ ਅਨੁਸਾਰ, ਜੰਗੀ ਕਾਰਨਾਮਿਆਂ ਤੇ ਬੀਰ ਰਸ ਦੀਆਂ ਘਟਨਾਵਾਂ ਦਾ ਅਨੁਵਾਦ ਕਰਨਾ ਕੇਵਲ "ਧਰਮ-ਯੁੱਧ ਕੇ ਚਾਉ" ਦਾ ਪ੍ਰਗਟਾਵਾ ਸੀ, ਨਾ ਕਿ ਉਨ੍ਹਾਂ ਦਾ ਪਰਚਾਰ ਕਰਨਾ ਤੇ ਵਿਸ਼ਵਾਸ ਰੱਖਣਾ।

ਇਸ ਤਰ੍ਹਾਂ ਦੇ ਉਲੱਥੇ ਵਿਚ ਆਮ ਤੌਰ ਤੇ ਰਚਨਾ ਦੇ ਅਰਥਾਂ ਜਾਂ ਭਾਵਾਂ ਵਿਚ ਤਬਦੀਲੀ ਨਹੀਂ ਹੁੰਦੀ, ਕੇਵਲ ਬਾਹਰੀ ਪ੍ਰਗਟਾਵਾ ਅਰਥਾਤ ਭਾਸ਼ਾ ਦਾ ਪ੍ਰੀਵਰਤਣ ਹੁੰਦਾ ਹੈ। ਸਤਿਗੁਰੂ ਜੀ ਨੇ ਇਹ ਵੀ ਕੀਤਾ ਤੇ ਇਸ ਤੋਂ ਵੱਧ ਉਹ ਕੀਤਾ ਜੋ ਹੋਰ ਕਿਸੇ ਨੇ ਨਹੀਂ ਕੀਤਾ। ਉਸ ਨਾਜ਼ਕ ਸਮੇਂ ਵਿਚ ਹਜ਼ੂਰ ਨੇ ਨਿੱਘਰੀ ਹੋਈ ਹਿੰਦੂ ਜਾਤੀ ਦੇ ਜੀਵਨ ਵਿਚ ਐਸੀ ਤਬਦੀਲੀ ਲਿਆਉਣ ਲਈ ਅਜਿਹੇ ਕਦਮ ਉਠਾਏ ਕਿ ਜਿਨ੍ਹਾਂ ਨੇ ਭਾਰਤ ਦੀ ਸੁੱਤੀ ਕਿਸਮਤ ਨੂੰ ਝੰਜੋੜ ਕੇ ਜਗਾ ਦਿੱਤਾ। ਸਾਧਾਰਨ ਲਿਖਾਰੀਆਂ ਤੇ ਉਪਦੇਸ਼ਕਾਂ ਵਿਚ ਵੀ ਡਰ, ਸਹਿਮ ਤੇ ਪਰ-ਅਧੀਨ ਦੀ ਭਾਵਨਾ ਸੀ। ਉਨ੍ਹਾਂ ਦੇ ਤਨ ਮਨ ਦੀ ਧਰਤੀ ਏਨੀ ਖ਼ੁਸ਼ਕ ਤੇ ਬੰਜਰ ਹੋ ਚੁੱਕੀ ਸੀ ਕਿ ਗੁਲਾਮੀ ਦਾ ਜੂਲ੍ਹਾ ਲਾਹੁਣ ਦਾ ਖ਼ਿਆਲ ਸੁਪਨੇ ਵਿਚ ਵੀ ਨਹੀਂ ਸੀ ਉਗਮਦਾ। ਇਹ ਤਾਂ ਸੋਚਣੀ ਦੀ ਗੱਲ ਸੀ; ਉਪਦੇਸ਼, ਪ੍ਰੇਰਨਾ, ਯੋਜਨਾ, ਸਮਝਾਉਣਾ, ਕੁਝ ਕਰਨਾ, ਕਰਾਉਣਾ ਤਾਂ ਬਹੁਤ ਦੂਰ ਦੀ ਗੱਲ ਸੀ।

ਸ੍ਵੈ-ਹੀਣਤਾ ਦੀ ਭਾਵਨਾ ਦਾ ਅਹਿਸਾਸ ਕਰਾਉਣ ਲਈ, ਬੇਕਸਾਂ ਦੀਆਂ ਸ਼ਰਮਸਾਰ, ਝੁਕੀਆਂ ਅੱਖਾਂ ਨੂੰ, ਅਲਪ-ਦ੍ਰਿਸ਼ਟੀ ਦੇ ਰੋਗ ਦਾ ਸ਼ਿਕਾਰ ਅੱਖੀਆਂ ਨੂੰ, ਸੱਚਾ ਮਹਿਰਮ ਮਦਦਗਾਰ, ਟੁੱਟੇ ਦਿਲਾਂ ਦਾ ਅਮਰ ਸੁਹਾਗ, ਹੱਕ ਹੀ ਹੋਂਦ ਦਾ ਨਜ਼ਾਰਾ ਪ੍ਰਤੱਖ ਦ੍ਰਿਸ਼ਟਾਉਣ ਲਈ, ਜ਼ੁਲਮ ਸਿਤਮ ਦੀ ਘੋਰ ਅੰਧੇਰੀ ਲੰਮੀ ਰਾਤ ਦਾ ਤਿਮਰ



www.AKJ.Org

ਮਿਟਾਉਣ ਲਈ ਇਕ ਦੱਗ ਦੱਗ ਕਰਦਾ, ਆਫ਼ਤਾਬ (ਸੂਰਜ) ਅਰਸ਼ਾਂ ਤੋਂ ਆ ਕੇ ਇਸ ਦੁਨੀਆ ਵਿਚ ਚੜ੍ਹਿਆ।

ਕਰਨ ਕਰਾਵਨ ਸਮਰੱਥ ਸਤਿਗੁਰੂ ਜੀ ਨੇ ਕੌਤਕ ਭਰਿਆ ਅਨੁਵਾਦ ਕੀਤਾ। ਕਥਨੀ ਨੂੰ ਰਹਿਤ ਵਿਚ ਤੇ ਗਿਆਨ ਨੂੰ ਕਰਮ ਵਿਚ ਬਦਲਿਆ। ਗੁਰਮਤਿ ਉਪਦੇਸ਼, ਸਹੀ ਅਰਥਾਂ ਵਿਚ ਆਪ ਕਮਾਇਆ, ਹਿਰਦੇ ਵਿਚ ਵਸਾਇਆ, ਸਿੱਖਾਂ ਨੂੰ ਸਮਝਾਇਆ ਤੇ ਦ੍ਰਿੜ੍ਹਾਇਆ। ਹਜ਼ੂਰ ਨੇ ਅੰਤ੍ਰੀਵ ਭਾਵ ਨੂੰ ਬਾਹਰੀ ਸਰੂਪ ਦਿੱਤਾ, ਸੂਖਮ ਤੱਤ ਨੂੰ ਸਥੂਲ ਤੱਤ ਦੁਆਰਾ ਜ਼ਾਹਰਾ ਜ਼ਹੂਰ ਪਰਤੱਖ ਕਰ ਕੇ ਵਿਖਾਇਆ, ਸੁਪਨੇ ਨੂੰ ਹਕੀਕਤ ਬਣਾ ਕੇ ਦਿਖਾਇਆ ਤੇ ਬਾਣੀ ਦੇ ਸਿਧਾਂਤਾਂ ਦਾ ਤਰਜਮਾ ਅਮਲੀ ਰੂਪ ਵਿਚ ਕੀਤਾ।

ਭਗਤ ਕਬੀਰ ਜੈਸੇ ਨਿਧੜਕ, ਬੇਖ਼ੌਫ਼ ਤੇ ਅਣਖੀ ਵਿਅਕਤੀ ਨੇ ਹਕੂਮਤ ਦੇ ਅਥਾਹ ਤਸੀਹੇ ਝੱਲੇ, ਪਰ ਰੱਤੀ ਭਰ ਨਹੀਂ ਡਗਮਗਾਏ। ਉਨ੍ਹਾਂ ਦੀਆਂ ਨਜ਼ਰਾਂ ਵਿਚ ਐਸਾ ਆਦਰਸ਼ਕ ਇਨਸਾਨ ਪਰਵਾਨ ਹੈ ਜਿਹੜਾ ਸ਼ਕਤੀਸ਼ਾਲੀ, ਪਰਉਪਕਾਰੀ ਤੇ ਦਲੇਰੀ ਦਾ ਮੁਜੱਸਮਾ ਹੋਵੇ, ਜਿਸ ਦੀ ਜ਼ਿੰਦਗੀ ਦਾ ਮਨੋਰਥ ਸੰਤ ਪੁਰਸ਼ਾਂ ਦੀ ਰੱਖਿਆ ਕਰਨੀ ਤੇ ਦੁਸ਼ਟਾਂ ਦੋਖੀਆਂ ਦਾ ਨਾਸ ਕਰਨਾ ਹੋਵੇ—

ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ॥੧॥੪॥ [ਰਾਮਕਲੀ ਕਬੀਰ ਜੀ—੯੬੯

ਜੱਗ ਵਿਚ ਐਸਾ ਪੁਰਸ਼, ਇਨਸਾਫ਼ ਕਰਨ ਵਾਲਾ ਕੋਤਵਾਲ, ਦੁਸ਼ਟ ਘਾਤਕ, ਕੋਈ ਵਿਰਲਾ ਹੀ ਹੁੰਦਾ ਹੈ ਜਿਹੜਾ ਭਗਤ ਜੀ ਦੀ ਕਸੌਟੀ ਤੇ ਪੂਰਾ ਉਤਰੇ। ਭਗਤ ਜੀ ਦੀ ਦਿਬ-ਦ੍ਰਿਸ਼ਟੀ ਨੇ ਸਭ ਕੁਝ ਤੱਕਿਆ, ਬੇਸ਼ਕ ਸਰੀਰਕ ਅੱਖਾਂ ਨੇ ਨਹੀਂ ਵੇਖਿਆ। ਦਸਮੇਸ਼ ਪਿਤਾ ਜੀ 'ਸੰਤਾ ਮਾਨਉ ਦੂਤਾ ਡਾਨਉ' ਵਾਲੇ ਮਹਾਨ ਪੁਰਸ਼ ਹੋ ਸੰਸਾਰ ਵਿਚ ਪ੍ਰਗਟੇ, ਜਿਨ੍ਹਾਂ ਨੇ ਪਰਤੱਖ ਤੌਰ ਤੇ ਆਪਣਾ ਮਨੋਰਥ ਇਉਂ ਜਣਾਇਆ—

ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥੪੩॥
[ਬਚਿਤ੍ਰ ਨਾਟਕ, ਅਧਿ: ੬

ਮਿਕਨਾਤੀਸੀ ਸ਼ਕਤੀ ਤੇ ਪ੍ਰੇਮਾ-ਭਗਤੀ ਦੇ ਮਾਲਕ, ਸ਼ਹਿਨਸ਼ਾਹ ਗੁਰਦੇਵ ਜੀ ਨੇ ਜਿਸ ਕੁਰਬਾਨੀ ਤੇ ਤਿਆਗ ਦੁਆਰਾ ਖਾਲਸੇ ਵਿਚ ਉੱਦਮ ਤੇ ਪਰਉਪਕਾਰੀ ਨਿਡਰਤਾ ਦੁਆਰਾ ਪਾਪੀਆਂ ਨੂੰ ਸੰਘਾਰਨ ਦਾ ਬੀੜਾ ਚੁੱਕਿਆ, ਉਸ ਨੂੰ ਸਿਰੇ ਚਾੜ੍ਹਨ ਲਈ ਦਿਤੀਆਂ ਕੁਰਬਾਨੀਆਂ ਦਾ ਵਰਣਨ ਕਰਨ ਲਈ ਜ਼ਬਾਨ ਕੰਬਦੀ ਹੈ। ਕੋਈ ਕਿਹੜੀ ਕਿਹੜੀ ਘਟਨਾ ਤੇ ਕੁਰਬਾਨੀ ਦਾ ਜ਼ਿਕਰ ਕਰੇ! ਦਸਮੇਸ਼ ਪਿਤਾ ਦੀ ਸੰਘਰਸ਼ ਭਰੀ ਜ਼ਿੰਦਗੀ, ਮਾਤਾ, ਪਿਤਾ, ਸਾਹਿਬਜ਼ਾਦਿਆਂ ਅਤੇ ਅਨੇਕਾਂ ਸੂਰਬੀਰ ਸਿੰਘਾਂ ਦੀ ਸ਼ਹਾਦਤ, ਇਸ ਦਾ ਭਾਵ ਉਜਾਗਰ ਕਰਨ ਲਈ ਮੂੰਹ-ਬੋਲਦੀ ਤਸਵੀਰ ਹੈ।

ਸ਼ਾਂਤਮਈ ਵਾਤਾਵਰਣ ਅਤੇ ਅਧਿਆਤਮਕ ਖੇਤਰ ਵਿੱਚ ਆਪਣੀ ਰੱਖਿਆ ਲਈ ਗਰੀਬੀ, ਨਿਮਰਤਾ, ਸਹਿਣ-ਸ਼ਕਤੀ ਤੇ ਆਪਾ ਵਾਰਨ ਦੀ ਸਪਿਰਟ ਆਦਿਕ ਸਫਲ ਹਥਿਆਰ ਹਨ ਤੇ ਜੁੱਧ ਵਿਚ ਗਦਾ ਤੇ ਖੰਡੇ ਦਾ ਕੰਮ ਕਰਦੇ ਹਨ—

ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥ (ਖੰਨਾ—ਖੰਡਾ)
ਇਸੁ ਆਗੈ ਕੋ ਨ ਟਿਕੈ ਵੇਕਾਰੀ ॥ ਗੁਰ ਪੂਰੇ ਏਹ ਗਲ ਸਾਰੀ ॥੧॥੮॥ [ਪੰਨਾ ੬੨੮

ਹਕੂਮਤ ਦੀ ਬਦਲੀ ਨੀਤੀ ਅਨੁਸਾਰ ਅੱਤਿਆਚਾਰ ਦਾ ਦੌਰ ਚੱਲਿਆ ਤੇ ਹਿੰਦੂਆਂ ਦੇ ਧਰਮ ਪਰਿਵਰਤਨ ਦਾ ਕਾਰਜ ਤਲਵਾਰ ਦੇ ਜ਼ੋਰ ਨਾਲ ਆਰੰਭ ਹੋਇਆ। ਇਸ ਭਿਆਨਕ ਸਮੇਂ ਵਿਚ ਜਿਸ ਸ਼ਖ਼ਸੇ ਨੇ ਯੋਗ ਤਰਜਮਾ ਕੀਤਾ ਤਾਂ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਾਹਦ ਸ਼ਖ਼ਸੀਅਤ ਸੀ ਜਿਨ੍ਹਾਂ ਨੇ ਬੱਚੇ ਬੱਚੇ ਦੇ ਦਿਲ ਦਿਮਾਗ ਵਿਚ ਸੰਤ ਸਿਪਾਹੀ ਦੀ ਰੂਹ ਫੂਕ ਦਿਤੀ। ਇੱਕ ਹੱਥ ਵਿਚ ਮਾਲਾ ਤੇ ਦੂਜੇ ਹੱਥ ਤਲਵਾਰ ਫੜਾਈ, ਸਾਬਤ ਸੂਰਤਿ ਦਸਤਾਰ ਸਿਰਾ' ਦਾ ਸਰੂਪ, ਲਾਜ਼ਮੀ ਕਰਾਰ ਦਿੱਤਾ, ਖੰਡੇ ਦੀ ਐਸੀ ਦਾਤਿ ਬਖਸ਼ੀ, ਜਿਸ ਨੇ ਬਾਬਾ ਦੀਪ ਸਿੰਘ ਜੀ ਜਿਹੇ ਬਜ਼ੁਰਗ ਗੁਰਸਿੱਖ ਦੇ ਹੱਥ ਵਿਚ ਆ ਕੇ ਵੈਰੀਆਂ ਨਾਲ ਫੈਸਲਾ-ਕੁਨ ਜੁੱਧ ਕੀਤਾ।



www.AKJ.Org

ਨਿਰਸੰਦੇਹ ਸੰਤ ਸਿਪਾਹੀ ਇੱਕ ਨਮੂਨੇ ਦਾ ਕੋਤਵਾਲ ਹੈ, ਅਤੇ ਮਜ਼ਲੂਮ ਨੂੰ ਇਨਸਾਫ਼ ਦਿਵਾਉਣਾ ਤੇ ਜ਼ਾਲਮ ਨੂੰ ਡੰਨ ਦੇਣਾ ਇਸ ਦਾ ਧਰਮ ਹੈ। ਇਸ ਦੀ ਸ਼ਕਲ ਸੂਰਤਿ ਤੇ ਵਰਦੀ ਵਿਲੱਖਣ ਹੈ, ਰਹਿਣ ਸਹਿਣ ਦਾ ਢੰਗ ਨਿਰਾਲਾ ਹੈ। ਹਥਿਆਰ ਕਿਰਪਾਨ ਹੈ, ਜਿਹੜੀ ਸਰੀਰਕ ਤੇ ਅਧਿਆਤਮਕ ਸ਼ਕਤੀ ਦੇ ਸੁਮੇਲ ਦਾ ਚਿੰਨ੍ਹ ਹੈ। ਚਿਹਰੇ ਦੀ ਨੁਹਾਰ ਤੇ ਸਿਰ ਤੇ ਦਸਤਾਰ, ਅਕਾਲ ਪੁਰਖ ਦਾ ਨਿੱਜ ਸਰੂਪ ਹੈ, ਜਿਹੜਾ ਲੱਖਾਂ ਪ੍ਰਾਣੀਆਂ ਵਿਚੋਂ ਗੁੱਝਾ ਨਹੀਂ ਰਹਿੰਦਾ ਤੇ ਛੁਪਾਇਆਂ ਨਹੀਂ ਛੁਪਦਾ।

ਸਤਿਗੁਰੂ ਅਰਜਨ ਦੇਵ ਜੀ ਦੀ ਮਹਿਮਾ ਕਿੰਨੀ ਮਹਾਨ ਤੇ ਕੌਤਕ ਭਰੀ ਹੈ ਕਿ ਉਸ ਸਮੇਂ ਤੱਕ ਸਭ ਗੁਰੂ ਸਾਹਿਬਾਨ ਸਰੀਰਕ ਤੌਰ ਤੇ ਪੂਰਨ ਸ਼ਾਂਤਮਈ ਤੇ ਅਹਿੰਸਾਵਾਦ ਦੇ ਦਾਇਰੇ ਅੰਦਰ ਰਹੇ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਉਹ ਬਚਨ ਭੀ ਅੰਕਤ ਕੀਤੇ ਹਨ ਜਿਹੜੇ ਵੈਰੀਆਂ ਨਾਲ ਲੜਨ, ਸੂਰਮੇ ਵਾਂਗ ਰਣ ਵਿਚ ਜੂਝਣ, ਮੈਦਾਨਿ-ਜੰਗ ਵਿਚੋਂ ਨਾ ਭੱਜਣ, ਦੁਸ਼ਟਾਂ ਨੂੰ ਡੰਨ ਦੇਣ ਤੇ ਸੰਘਾਰਨ ਦੇ ਉਪਦੇਸ਼ਾਂ ਨਾਲ ਭਰਪੂਰ ਹਨ।

ਰਣਿ ਰੂਤਉ ਭਾਜੈ ਨਹੀ ਸੂਰਉ ਥਾਰਉ ਨਾਉ ॥੩੪॥ (੩੪੨)
ਅਤੇ—ਸੂਰੁ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ ॥੧॥
ਡਗਮਗ ਛਾਡਿ ਰੇ ਮਨ ਬਉਰਾ ॥
ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ ॥੧॥ਰਹਾਉ॥੬੮॥ (ਪੰਨਾ ੩੩੮)

ਇਉਂ ਵੀ ਹੁੰਦਾ ਹੈ ਕਿ ਆਪੋ ਆਪਣੀ ਜਾਨ ਬਚਾਉਣ ਲਈ, ਲੱਖਾਂ ਦੀ ਗਿਣਤੀ ਵਿਚ ਸੈਨਾ ਵੀ ਆਤਮ-ਸਮਰਪਨ ਕਰਨ ਲਈ ਬੇਬੱਸ ਹੋ ਜਾਂਦੀ ਹੈ। ਰਣ ਵਿਚ ਜੂਝਣਾ ਲੋਭੀ, ਨਿਰਬਲ ਅਤੇ ਡਰਾਕਲ ਬੰਦਿਆਂ ਦਾ ਕੰਮ ਨਹੀਂ। ਕੇਵਲ ਉਹ ਪੁਰਸ਼ ਸੂਰਮਗਤੀ ਦੀ ਕਸੌਟੀ ਤੇ ਪੂਰਾ ਉੱਤਰਦੇ ਹਨ, ਜਿਹੜੇ ਦਾਗੇ ਤੇ ਬੰਦੀ ਵਿਚ ਪਏ ਹੋਣ—

ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ ॥
ਸਾਧੂ ਹੋਇ ਸੁ ਭਗਤਿ ਪਛਾਨੈ ਹਰਿ ਲਏ ਖਜਾਨੈ ਪਾਈ ॥੩॥੪॥ (੯੭੦)

ਪੁਰਾਣੇ ਸਮੇਂ ਵਿਚ ਗੁਲਾਮਾਂ ਨੂੰ ਦਾਗਣ ਦਾ ਮੁੱਖ ਕਾਰਨ ਇਹੋ ਸੀ ਕਿ ਉਨ੍ਹਾਂ ਦੀ ਪਛਾਣ ਸਹਜੇ ਹੋ ਜਾਵੇ, ਤੇ ਉਨ੍ਹਾਂ ਦੀ ਅਸਲੀਅਤ ਛੁਪੀ ਨ ਰਹੇ। ਗੁਰਬਾਣੀ ਵਿਚ ਦਾਗਣਾ ਬੈਖ਼ਰੀਦ ਸੇਵਕ (ਗ਼ੁਲਾਮ) ਦਾ ਚਿੰਨ੍ਹ ਹੈ। ਭਾਈ ਨੰਦ ਲਾਲ ਜੀ ਦੀ ਰਚਨਾ ਤੋਂ ਅਥਾਹ ਨਿਮਰਤਾ, ਪ੍ਰੇਮ, ਸ਼ਰਧਾ ਤੇ ਵਫ਼ਾਦਾਰੀ ਦੀ ਝੱਲਕ ਫੁੱਟ ਫੁੱਟ ਪੈਂਦੀ ਦਿਖਾਈ ਦਿੰਦੀ ਹੈ। ਆਪਣੇ ਆਪ ਨੂੰ ਕਲਗੀਧਰ ਪਾਤਸ਼ਾਹ ਦੇ ਦਰ ਦਾ ਦਾਗਿਆ ਹੋਇਆ ਕੂਕਰ ਕਹਿਣਾ, ਹਿਰਦੇ ਦੀ ਤਹਿ ਤੋਂ ਨਿਕਲੀ ਆਵਾਜ਼ ਹੈ—

*ਲਾਲ ਸਗਿ ਗ਼ੁਲਾਮਿ ਗੁਰ ਗੋਬਿੰਦ ਸਿੰਘ ॥
ਦਾਗ਼ਦਾਰਿ ਨਾਮਿ ਗੁਰ ਗੋਬਿੰਦ ਸਿੰਘ ॥੧੫੭॥
ਕਮਤਰੀਂ ਜ਼ਿ ਸਗਾਨਿ ਗੁਰ ਗੋਬਿੰਦ ਸਿੰਘ ॥
ਰੇਜ਼ਾ-ਚੀਨਿ ਖ਼੍ਵਾਨਿ ਗੁਰ ਗੋਬਿੰਦ ਸਿੰਘ ॥੧੫੮॥ (ਤੌਸੀਫ਼ੋ ਸਨਾ)

ਪਾਲਤੂ ਕੂਕਰ ਦੀ ਖ਼ੁਸ਼ੀ ਆਪਣੇ ਮਾਲਕ ਦੀ ਥਾਲੀ ਦਾ ਬਚਿਆ ਖੁਚਿਆ ਖਾਣ ਵਿਚ ਹੈ।

ਕਲਗੀਧਰ ਪਾਤਸ਼ਾਹ ਨੇ ਸ਼ਬਦ 'ਦਾਗਣੇ' ਦਾ ਅਤੀ ਸੱਭਯ ਸ਼ਬਦ ਵਿਚ ਉਲੱਥਾ ਕੀਤਾ। ਇਸ ਸੁਘੜ, ਸੁੱਛ, ਨਿਰਮਲ ਸ਼ਬਦ ਦਾ ਨਾਮ ਰੱਖਿਆ ਹੈ 'ਖਾਲਸਾ', ਜਿਹੜਾ ਪੰਜਾਂ ਕਕਾਰਾਂ ਦਾ ਧਾਰਨੀ ਤੇ ਰਹਿਤ

*੧੫੭--ਨੰਦ ਲਾਲ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਗ਼ੁਲਾਮ ਕੂਕਰ ਹੈ ਅਤੇ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਬਖ਼ਸ਼ੇ ਨਾਮ ਦੁਆਰਾ ਦਾਗਿਆ ਹੋਇਆ ਹੈ।

੧੫੮—(ਇਹ ਦਾਗ਼ਦਾਰ ਗ਼ੁਲਾਮ) ਗੁਰੂ ਗੋਬਿੰਦ ਸਿੰਘ ਜੀ ਦੇ ਕੁੱਤਿਆਂ ਤੋਂ ਵੀ ਨੀਚ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਦਸਤਰਖ਼੍ਵਾਨ ਤੋਂ ਜੂਠੇ ਟੁਕੜੇ ਚੁਣਨ ਵਾਲਾ ਹੈ।


www.AKJ.Org

ਬਹਿਤ ਵਿਚ ਪ੍ਰਪੱਕ, ਸਗਲ ਬ੍ਰਹਿਮੰਡ ਵਿਚ ਆਪਣੀ ਵੱਖਰੀ ਹੋਂਦ ਦਾ ਮਾਲਕ ਹੈ ।

ਪ੍ਰਮਾਰਥਕ ਖੇਤਰ ਵਿਚ, ਅਕਾਲ ਪੁਰਖ ਜਾਂ ਸਤਿਗੁਰੂ ਨੂੰ "ਆਪੇ ਗੁਰ ਚੇਲਾ" ਕਹਿ ਕੇ ਸਨਮਾਨਤ ਕਰਨਾ, ਇਕ ਨਵੀਨ ਅਦਭੁਤ ਸਤਿਕਾਰ ਹੈ । ਇਸ ਦਾ ਭਾਵ ਇਸ ਤਰ੍ਹਾਂ ਬਖਾਨਿਆ ਜਾ ਸਕਦਾ ਹੈ—

(੧) ਗੁਰੂ ਤੇ ਚੇਲੇ ਵਿਚ ਇਕੋ ਰੱਬੀ ਜੋਤਿ ਦਾ ਪ੍ਰਕਾਸ਼ ਹੋਣਾ ।
(੨) ਚੇਲੇ ਤੇ ਰਹਿਮਤ ਕਰ ਕੇ ਗੁਰੂ ਰੂਪ ਬਣਾਉਣਾ ।
(੩) ਚੇਲੇ ਨੂੰ ਜੁਗਾਂ ਜੁਗਾਂਤਰ ਤਕ ਗੁਰ ਪਦਵੀ ਦੀ ਦਾਤਿ ਪਰਦਾਨ ਕਰਨੀ ।

ਦਸਮੇਸ਼ ਪਿਤਾ ਜੀ ਨੇ, ਅੰਮ੍ਰਿਤ ਛਕਾਇਆ, ਆਪਣਾ ਰੂਪ ਬਖਸ਼ਿਆ ਤੇ ਖਾਲਸੇ ਦੀ ਸਿਰਜਨਾ ਕੀਤੀ। ਅਕਾਲ ਪੁਰਖ, ਗੁਰੂ ਤੇ ਖਾਲਸੇ ਦੀ ਅਭੇਦਤਾ ਤੇ ਇਕ-ਮਿਕਤਾ ਦਾ ਸੰਕਲਪ ਹੋਰ ਕਿਸੇ ਧਰਮ ਵਿਚ ਨਹੀਂ ਹੈ । ਗੁਰਦੇਵ ਜੀ ਦੀ ਇਹ ਮਹਾਨ ਬਖਸ਼ਸ਼ ਕੇਵਲ ਕਲਪਨਾ ਨਹੀਂ, ਸਗੋਂ ਹਕੀਕਤ ਹੈ ।

ਤਨ ਦੇਣਾ ਅਧੀਨਗੀ ਤੇ ਜ਼ਲਾਲਤ ਦਾ ਇਜ਼ਹਾਰ ਹੈ, ਪਰ ਸਿਰ ਦੇਣਾ ਸ਼ਰਧਾ ਤੇ ਆਪਾ ਵਾਰਨ ਦਾ ਸਿਖਰ ਹੈ । ਧੰਨ ਹਨ ਗੁਰਦੇਵ ਪਿਤਾ ਜੀ ਇਕ ਅਨੋਖੇ ਪ੍ਰੀਖਿਅਕ, ਜਿਨ੍ਹਾਂ ਨੇ ਪ੍ਰੀਖਿਆ ਦੀ ਨਵੀਂ ਵਿਧੀ ਨੂੰ ਅਪਣਾਇਆ । ਇਸ ਅਨੋਖੇ ਪਰਚੇ ਦਾ ਪ੍ਰਸ਼ਨ ਸਵਾਲ-ਜਵਾਬ ਨਹੀਂ, ਹੁਕਮ ਦੇਣ ਤੇ ਹੁਕਮ ਬਜਾਉਣ ਦਾ ਸੀ । ਕੁੱਝ ਲੈਣ ਦਾ ਸੀ, ਕੁਝ ਦੇਣ ਦਾ ਸੀ । ਸਿਰ ਦੇਣ ਦਾ ਸੀ । ਕੀ ਲੈਣਾ ਸੀ, ਸਿੱਖਾਂ ਨੂੰ ਪਤਾ ਨਹੀਂ । ਵਾਸਤਵ ਵਿਚ ਇਹ ਨਿਸ਼ਕਾਮ ਸੌਦਾ ਸੀ ।

ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥
ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ ॥੧॥੨੭॥

[ਸਲੋਕ ਮ: ੩—ਸਾਰੰਗ ਕੀ ਵਾਰ, ਪੰਨਾ ੧੨੪੭

ਮਾਹੌਲ ਏਨਾ ਗੰਭੀਰ ਸੀ ਕਿ ਹਰ ਕੋਈ ਸੋਚਦਾ ਸੀ ਕਿ ਇਹ ਮੰਗ ਅਮਲੀ ਹੈ, ਗੈਰ-ਅਮਲੀ ਨਹੀਂ । ਇਕ ਨਹੀਂ, ਦੋ ਨਹੀਂ, ਆਪਣਾ ਸਿਰ ਹੱਸ ਕੇ ਵਾਰਨ ਤੇ ਗੁਰ-ਫ਼ੁਰਮਾਨ ਦੀ ਅਸਲੀਅਤ ਨੂੰ ਸਮੂਰਤ ਦੀ ਸਥਿਤੀ ਵਿਚ ਬਦਲਣ ਲਈ ਮੈਦਾਨ ਵਿਚ ਪੰਜ ਨਿੱਤਰੇ ਤੇ ਹੋਰ ਕਈ ਹੁਕਮ ਦੀ ਉਡੀਕ ਵਿਚ ਸਨ ।

ਗੁਰਦੇਵ ਜੀ ਨੇ ਖਾਲਸੇ ਦੀ ਏਕਤਾ ਤੇ ਸ਼ਕਤੀ ਨੂੰ ਸਦਾ ਲਈ ਅਖੰਡ ਰੱਖਣ ਲਈ 'ਸਬਦ ਗੁਰੂ' ਨੂੰ ਸਾਕਾਰ ਰੂਪ ਦਿੱਤਾ । ਬਾਣੀ ਤੇ ਗੁਰੂ ਦੀ ਅਭੇਦਤਾ ਦਾ ਸੰਕਲਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਈ ਵਾਰ ਆਇਆ ਹੈ । ਬਾਣੀ ਨੂੰ ਗੁਰੂ ਦੀ ਪਦਵੀ ਪਹਿਲਾਂ ਹੀ ਮਿਲ ਚੁਕੀ ਸੀ, ਇਕ ਦਿਨ ਆਉਣਾ ਸੀ ਤੇ ਦੇਹਧਾਰੀ ਗੁਰੂ ਦੀ ਪਰੰਪਰਾ ਦਾ ਅੰਤ ਹੋਣਾ ਸੀ ।

ਉਹ ਯੋਗ ਸਮਾਂ ਆ ਗਿਆ ਤੇ ਦਾਤਾਰ ਪਿਤਾ ਜੀ ਨੇ ਇਹ ਮਹਾਨ ਜ਼ਿੰਮੇਵਾਰੀ ਸੌਂਪਣ ਲਈ ਸੰਨ ੧੬੯੯ ਦੀ ਵਿਸਾਖੀ ਵਾਲੇ ਦਿਨ ਬੁਨਿਆਦੀ ਪੱਥਰ ਰੱਖਿਆ । ਜਿਨ੍ਹਾਂ ਸਿਰਲੱਥ ਸੂਰਮਿਆਂ ਨੇ ਆਪਣਾ ਸੀਸ ਤਲੀ ਤੇ ਰੱਖ ਕੇ ਗੁਰਦੇਵ ਜੀ ਦੇ ਬਿਖਮ ਹੁਕਮ ਦੀ ਪਾਲਣਾ ਕੀਤੀ, ਉਨ੍ਹਾਂ ਨੂੰ ਅਜ਼ੀਜ਼ੁਲ ਨਿਵਾਜ—ਸਤਿਗੁਰੂ ਨੇ ਆਪਣ ਖਾਸ ਅਜ਼ੀਜ਼ (ਪਿਆਰੇ) ਕਹਿ ਕੇ ਸਨਮਾਨਤ ਕੀਤਾ ।

ਇਹ ਨਾ-ਕੇਵਲ ਗਿਣਤੀ ਵਿਚ ਪੰਜ ਹਨ, ਬਲਕਿ ਪੂਰਨ ਗੁਰਮਤਿ ਦੇ ਧਾਰਨੀ-ਸ਼੍ਰੋਮਣੀ ਗੁਰਸਿਖ ਪੰਚ ਜਨ, ਪੰਥ ਵਿਚ ਅਤਿ ਉੱਚਾ ਅਸਥਾਨ ਰੱਖਣ ਵਾਲੇ ਹਨ । ਇਨ੍ਹਾਂ ਦਾ ਪਾਵਨ ਦੀਦਾਰ-

ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ ॥
ਪੰਚੇ ਸੋਹਹਿ ਦਰਿ ਰਾਜਾਨੁ ॥ ਪੰਚਾ ਕਾ ਗੁਰੁ ਏਕੁ ਧਿਆਨੁ ॥ [ਜਪੁਜੀ

ਦਾ ਸਾਖਿਆਤ ਸੁਦ੍ਰਿਸ਼ਟ ਸਰੂਪ ਹੈ ।

ਭਾਵੇਂ ਸਾਰੇ ਗੁਰਸਿੱਖ ਇਕੋ ਪਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਮਾਤਾ ਸਾਹਿਬ ਕੌਰ ਜੀ ਦੇ ਬਾਰਿਕ ਹੋਣ ਕਰਕੇ ਆਪਸ ਵਿਚ ਭਰਾ ਹਨ, ਪਰ ਸਭ ਤੋਂ ਪਹਿਲਾਂ ਇਸ ਸੰਬੰਧ ਦਾ ਮਾਣ ਪੰਜਾਂ ਪਿਆਰਿਆਂ ਨੂੰ ਪ੍ਰਾਪਤ ਹੋਇਆ, ਜਿਹੜੇ ਨਦਰਿ-ਰਹਿਮਤ ਦੁਆਰਾ ਗੁਰਮਤਿ ਪੰਚ ਸਖੇ ਗੁਰ-ਭਾਈ ਬਣ ਗਏ ।


www.AKJ.Org

# ਸਭਰਾਵਾਂ ਦੀ ਲੜਾਈ, ਅੰਗਰੇਜ਼ਾਂ ਦੀ ਜਿਤ, ਮਹਾਰਾਣੀ ਜਿੰਦਾਂ ਦੀ ਬੇਪਤੀ ਤੇ ਉਸਦਾ ਬਦਲਾ

[ਕੈਪਟਿਨ ਸਵਰਨ ਸਿੰਘ ਜੀ]

ਸਭਰਾਵਾਂ ਦੀ ਜੰਗ ਸਮੇਂ ਪੰਜਾਬੀਆਂ ਦੇ ਮੰਦੇ ਭਾਗਾਂ ਨੂੰ ਲਾਹੌਰ ਦਰਬਾਰ ਦੀ ਵਾਗ-ਡੋਰ, ਸਮੇਂ ਦੇ ਇਨ੍ਹਾਂ ਮਹਾਨ ਤਿੰਨ ਚੰਡਾਲਾਂ ਤੇ ਅਕਿਰਤਘਣਾਂ ਦੇ ਹੱਥ ਵਿਚ ਸੀ—ਮੱਕਾਰ ਗੁਲਾਬ ਸਿੰਘ ਡੋਗਰਾ, ਵਡਾ ਵਜ਼ੀਰ ਲਾਲ ਸਿੰਘ (ਰੁਹਤਾਸ ਲਾਗੇ) ਸੰਘੋਈ ਦਾ ਰਹਿਣ ਵਾਲਾ ਤੇ ਅਤੀ ਨੀਚ ਬਾਹਮਣ, ਵਜ਼ੀਰ—ਮਿਸਰ ਤੇਜਾ ਸਿੰਘ ਪੂਰਬੀਆ ਪ੍ਰਧਾਨ ਸੈਨਾਪਤੀ। ਇਹ ਤਿੰਨੇ ਗੱਦਾਰ ਅੰਗਰੇਜ਼ ਨਾਲ ਰਲੇ ਹੋਏ ਸਨ। ਗੁਲਾਬੂ ਡੋਗਰੇ ਬਾਰੇ ਹੈਨਰੀ ਹੈਵਲਾਕ ਨੇ ਬੜਾ ਦਰੁਸਤ ਕਿਹਾ ਹੈ ਕਿ "ਜੇ ਕਿਸੇ ਚਿਤਰਕਾਰ ਨੇ ਏਸ਼ੀਆਈ ਸਾਜ਼ਸ਼ਾਂ ਤੇ ਗੋਂਦਾਂ ਦੀ ਮੱਕਾਰੀ ਭਰੀ ਤਸਵੀਰ ਚਿਤਰਨੀ ਹੋਵੇ ਤਾਂ ਗੁਲਾਬ ਸਿੰਘ ਨੂੰ ਵੇਖ ਕੇ ਫਿਰ ਖ਼ਿਆਲੀ ਢਾਂਚੇ ਕਲਪਣ ਦੀ ਲੋੜ ਨਹੀਂ ਰਹਿ ਜਾਂਦੀ।"

੩੧ ਜਨਵਰੀ ੧੮੪੬ ਈ: ਨੂੰ ਜਦ ਇਹ ਗੁਲਾਬ ਸਿੰਘ ਵੱਡਾ ਵਜ਼ੀਰ ਬਣਿਆ ਤਾਂ ਲੋਕਾਂ ਦਾ ਖ਼ਿਆਲ ਸੀ ਕਿ ਪੰਜਾਬ ਰਾਜ ਨੂੰ ਮੁਸੀਬਤਾਂ ਚੋਂ ਕਢਣ ਲਈ ਸ਼ਾਇਦ ਯੋਗ ਅਗਵਾਈ ਦੇ ਸਕੇ। ਪਰ ਇਸ ਬੇਈਮਾਨ ਚਾਲਾਕ ਲੂਮੜ ਨੇ ਮਹਾਰਾਜਾ ਰਣਜੀਤ ਸਿੰਘ ਦੀਆਂ ਸਾਰੀਆਂ ਮਿਹਰਬਾਨੀਆਂ ਭੁਲਾ ਦਿਤੀਆਂ। ਇਨ੍ਹਾਂ ਤਿੰਨਾਂ ਭਰਾਵਾਂ (ਧਿਆਨਾ, ਸੁਚੇਤਾ, ਗੁਲਾਬੂ) ਨੂੰ, ਜਦ ਬੁਰਕੀ ਬੁਰਕੀ ਟੁਕ ਲਈ ਆਤਰ ਫਿਰਦੇ ਸਨ, ਆਪਣੀ ਪਨਾਹ ਵਿਚ ਲੈ ਕੇ ਵੱਡੇ ਮਰਤਬੇ ਬਖਸ਼ੇ, ਕੀਟਾਂ ਕੰਗਲਿਆਂ ਤੋਂ ਰਾਜੇ ਬਣਾ ਦਿਤਾ। ਪੀੜ੍ਹੀਆਂ ਤਕ ਉਸ ਮਰਦ ਦਾ ਇਹ ਇਹਸਾਨ ਨਹੀਂ ਸਨ ਚੁਕਾ ਸਕਦੇ। ਪਰ ਇਹ ਭੁਖੇ ਪਹਾੜੀਏ ਪੂਰੇ ਨਮਕ-ਹਰਾਮ ਸਿਧ ਹੋਏ। ਉਸ ਦੀਆਂ ਮਿਹਰਬਾਨੀਆਂ ਦਾ ਸਿੱਲਾ ਇਹ ਮੋੜਿਆ ਕਿ ਸ਼ੇਰੇ ਪੰਜਾਬ ਦੇ ਨਾਬਾਲਗ ਪੁੱਤਰ ਤੇ ਮਹਾਰਾਣੀ ਜਿੰਦਾਂ ਦੀ ਤਬਾਹੀ ਦੇ ਬਾਨ੍ਹਣੂੰ ਬੰਨ੍ਹ ਦਿਤੇ। ਅੰਦਰ-ਖਾਤੇ ਅੰਗਰੇਜ਼ਾਂ ਨਾਲ ਸੌਦੇ-ਬਾਜ਼ੀ ਕਰ ਲਈ। ਵਿਉਂਤ ਇਹ ਬਣਾਈ ਕਿ ਖ਼ਾਲਸਾ ਫੌਜ ਨੂੰ ਅੰਗਰੇਜ਼ਾਂ ਦੇ ਗਲ ਪੁਆਇਆ ਜਾਵੇ ਤੇ ਫਿਰ ਖਾਲਸਾ ਫ਼ੌਜ ਨੂੰ ਜੰਗੀ ਹਥਿਆਰ, ਬਾਰੂਦ, ਗੋਲੀ ਸਿੱਕਾ ਤੇ ਰਸਦ ਵਗੈਰਾ ਨਾ ਭਿਜਵਾ ਕੇ ਅੰਗਰੇਜ਼ਾਂ ਨੂੰ ਜਿਤਾਇਆ ਜਾਵੇ। ਦੂਜੀ ਜੂਠ ਮਿਸਰ ਲਾਲ ਸਿੰਘ ਨੇ ਹੋਰ ਵਧ ਕਰ ਵਿਖਾਈ। ਉਸ ਨੇ ਆਪਣੀ ਫ਼ੌਜੀ ਪੇਸ਼ਬੰਦੀ ਦਾ ਨਕਸ਼ਾ ਮੁਨਸ਼ੀ ਸ਼ਮਸੁੱਦੀਨ ਕਸੂਰੀਏ ਦੇ ਹੱਥ ੮ ਫ਼ਰਵਰੀ ਨੂੰ ਅੰਗਰੇਜ਼ਾਂ ਪਾਸ ਘਲਾ ਦਿਤਾ ਸੀ।

੧੦ ਫਰਵਰੀ ਨੂੰ ਪਾਰਲੇ ਸਭਰਾਵਾਂ* ਦੀ ਜੂਹ ਵਿਚ ਲੜਾਈ ਹੋਈ। ਸ: ਸ਼ਾਮ ਸਿੰਘ ਅਟਾਰੀ ਵਰਗੇ ਖਾਲਸਾ ਰਾਜ ਦਿਆਂ ਹਿਤੈਸ਼ੀਆਂ ਨੇ ਸਿਰ ਤਲੀ ਤੇ ਧਰ ਕੇ ਤੇਗਾਂ ਵਾਹੀਆਂ ਤੇ ਅੰਗਰੇਜ਼ਾਂ ਦੇ ਆਹੂ ਲਾਹ ਸੁਟੇ। ਯੋਗ ਅਗਵਾਈ ਖੁਣੋਂ, ਸ਼ਾਹ ਮੁਹੰਮਦ ਅਨੁਸਾਰ, ਖਾਲਸਾ ਫੌਜ ਦੀ ਜਿਤ ਹਾਰ ਵਿਚ ਬਦਲ ਗਈ—

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,  
ਫੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਨੀ ॥੧੨॥ [ਜੰਗਨਾਮਾ ਸਿੰਘਾਂ ਤੇ ਫਰੰਗੀਆਂ

ਬੜੀ ਗਹਿ ਗੱਚ ਤੇ ਖ਼ੂਨ-ਵੀਟਵੀਂ ਲੜਾਈ ਹੋ ਰਹੀ ਸੀ। ਅੰਗਰੇਜ਼ ਆਪਣੀ ਜਿੱਤ ਦੀ ਆਸ ਲਾਹ ਬੈਠੇ ਸਨ। ਹਾਰਡਿੰਗ ਤੇ ਗਫ਼ ਮੁੜ ਮੁੜ ਕਹਿ ਰਹੇ ਸਨ ਕਿ ਤੇਜਾ ਸਿੰਘ ਔਰ ਲਾਲ ਸਿੰਘ ਕਹਾਂ ਮਰ ਗਏ? ਹਾਰ ਤੋ ਹਮਾਰੀ ਹੋ ਰਹੀ ਹੈ। ਯਹ ਲੋਗ ਧੋਕਾ-ਬਾਜ਼ ਨਿਕਲੇ। ਐਨ ਜਦ ਅੰਗਰੇਜ਼ਾਂ ਦੀ ਤਾਕਤ ਦਾ ਡੋਲ ਰਿਹਾ ਮੁਨਾਰਾ ਡਿਗਣ ਹੀ ਵਾਲਾ ਸੀ ਕਿ ਖਾਲਸਾ ਫ਼ੌਜ ਦੀਆਂ ਧੜਾ ਧੜ ਗੋਲੇ ਵਰ੍ਹਾ ਰਹੀਆਂ ਤੋਪਾਂ ਦੀ ਵਰ੍ਹਾਈ ਵਿਚ ਨਰਮੀ ਆਉਣੀ ਸ਼ੁਰੂ ਹੋ ਗਈ ਅਤੇ ਕਈ ਪਾਸੀਂ ਤੋਪਾਂ ਖ਼ਾਮੋਸ਼ ਹੋ ਗਈਆਂ। ਕਾਰਨ? ਬਾਰੂਦ ਦਿਆਂ ਕੁਪਿਆਂ

---

*ਅਸਲ ਵੱਡਾ ਪਿੰਡ ਸਭਰਾ ਸਤਲੁਜ ਦੇ ਸੱਜੇ ਦਰਿਆ ਤੋਂ ਡੇਢ ਕੁ ਮੀਲ ਦੀ ਵਿਥ ਤੇ ਪਛਮ ਵਾਲੇ ਪਾਸੇ ਹੈ, ਐਨ ਢਾਹੇ ਉਤੇ। ਲੜਾਈ ਵਾਲਾ ਸਭਰਾ, ਦਰਿਆਉਂ ਮੀਲ ਕੁ ਹਟ ਕੇ, ਖਬੇ ਪਾਸੇ ਹੈ ਤੇ ਇਹ ਬਹੁਤਾ ਵੱਡਾ ਪਿੰਡ ਨਹੀਂ। ਇਹ ਵੱਡੇ ਪਿੰਡ ਚੋਂ ਹੀ ਨਿਕਲ ਕੇ ਬਝਾ ਹੋਇਆ ਹੈ।



www.AKJ.Org

ਚੋਂ ਦਲੀ ਸਰ੍ਹੋਂ ਵਿਚ ਰਲੀ ਰੇਤ ਨਿਕਲਣ ਲੱਗ ਪਈ। ਫਿਰ ਤੇਜਾ ਸਿੰਘ ਤੇ ਲਾਲ ਸਿੰਘ ਇਕ-ਦਮ ਮੈਦਾਨ 'ਚੋਂ ਉਠ ਭੱਜੇ ਅਤੇ ਬੇੜੀਆਂ ਦਾ ਪੁਲ ਪਾਰ ਕਰ ਕੇ ਸੱਜੇ ਕੰਢੇ ਤੇ ਆ ਗਏ ਤੇ ਝਟਾਪਟ ਪੁੱਲ ਤੋੜ ਦਿਤਾ। ਮਕਸਦ ਇਹ ਸੀ ਕਿ ਖਾਲਸਾ ਫੌਜ ਕੁਥਾਂ ਫਸ ਜਾਵੇ। ਬਾਰੂਦ ਖੁਣੋਂ ਤੋਪਖ਼ਾਨਾ ਨਾਕਾਰਾ ਹੋਣ ਕਰਕੇ ਪਿਛਾਂਹ ਭਜਣ ਤੇ ਦਰਿਆ ਵਿਚ ਡੁਬ ਮਰਨ, ਨਹੀਂ ਤਾਂ ਅੰਗਰੇਜ਼ਾਂ ਹਥੋਂ ਫ਼ਨਾਹ-ਫ਼ਿਲਾ ਹੋ ਜਾਣ। ਇਸ ਸੰਕਟ ਦੇ ਬਾਵਜੂਦ ਸ: ਸ਼ਾਮ ਸਿੰਘ ਨੇ ਜੋ ਕਰ ਵਿਖਾਈ, ਇਤਿਹਾਸ ਦੇ ਪੰਨਿਆਂ ਤੇ ਉਸ ਦਾ ਕਾਰਨਾਮਾ ਸਦਾ ਹੀ ਸੂਰਜ ਵਾਂਗ ਚਮਕਦਾ ਰਹੇਗਾ। ਇਹ ਸੂਰਮਾ ਸਤ ਗੋਲੀਆਂ ਖਾ ਕੇਧਰਤੀ ਉਤੇ ਡਿਗਾ। ਪੰਥ ਪ੍ਰਕਾਸ਼ ਵਿਚ ਗਿ: ਗਿਆਨ ਸਿੰਘ ਜੀ ਨੇ ਲਿਖਿਆ ਹੈ :—

ਪਾਂਚ ਸਾਤ ਸਰਦਾਰ ਜਿ ਔਰੈ। ਲਰਤੇ ਸ਼ਾਮ ਸਿੰਘ ਸਮ ਗੌਰੈ॥
ਤੋ ਅੰਗਰੇਜ਼ਨ ਕੋ ਕਲਕੱਤੇ। ਭੀ ਥਾਂ ਟਿਕਣ ਔਖ ਅਲਬੱਤੇ॥

ਅੰਗਰੇਜ਼ਾਂ ਦਾ ਤੋਪਖਾਨਾ ਧੜਾ ਧੜ ਅੱਗ ਵਰ੍ਹਾ ਰਿਹਾ ਸੀ। ਖ਼ਾਲਸਾ ਫੌਜ ਦਾ ਤੋਪਖ਼ਾਨਾ ਬਾਰੂਦ ਨਾ ਹੋਣ ਕਰਕੇ ਨਕਾਰਾ ਹੋ ਚੁਕਾ ਸੀ। ਹੁਣ ਮੁਕਾਬਲਾ ਬਿਲਕੁਲ ਅਸਾਵਾਂ ਸੀ। ਪਰ ਫਿਰ ਵੀ ਸਿੰਘ ਦ੍ਰਿੜ੍ਹਤਾ ਨਾਲ ਸੀਨਾ ਤਾਣ ਕੇ ਪੂਰੇ ਜੋਸ਼ ਨਾਲ ਲੜੇ। ਵੈਰੀ ਹੈਰਾਨ ਰਹਿ ਗਿਆ। ਕਨਿੰਘਮ ਅਸ਼ ਅਸ਼ ਕਰਦਾ ਹੋਇਆ ਲਿਖਦਾ ਹੈ—"ਭਾਵੇਂ ਸਾਡੀਆਂ ਪਲਟਨਾਂ ਤੇ ਘੋੜ-ਰਸਾਲਿਆਂ ਨੇ ਹਰ ਪਾਸਿਓਂ ਚੜ੍ਹ ਚੜ੍ਹ ਕੇ ਹੱਲੇ ਕੀਤੇ, ਪਰ ਗੁਰੂ ਗੋਬਿੰਦ ਸਿੰਘ ਦੇ ਕਿਸੇ ਨਾਮ-ਲੇਵਾ ਨੇ ਈਨ ਮੰਨਣੀ ਪਰਵਾਨ ਨਾ ਕੀਤੀ।" ਅੰਗਰੇਜ਼ੀ ਫੌਜਾਂ ਦਾ ਕਮਾਂਡਰ ਲਾਰਡ ਗੱਫ਼ ਸਾਫ਼ ਲਿਖਦਾ ਹੈ—"ਜੇ ਸਿਖ ਆਗੂ ਗ਼ੱਦਾਰ ਤੇ ਧੋਖੇਬਾਜ਼ ਨਾ ਹੁੰਦੇ ਤਾਂ ਮੇਰਾ ਖਿਆਲ ਹੈ ਕਿ ਪੰਜਾਬ ਦੀਆਂ ਇਨ੍ਹਾਂ ਲੜਾਈਆਂ ਦਾ ਨਤੀਜਾ ਕੁਝ ਹੋਰ ਹੀ ਹੁੰਦਾ। ਉਹ ਫਿਰ ਸੱਚ ਕਹਿਣੋਂ ਸੰਕੋਚ ਨਹੀਂ ਕਰਦਾ ਅਤੇ ਲਿਖਦਾ ਹੈ—"ਮੇਰਾ ਅਹੁਦਾ ਤੇ ਮੇਰੀ ਪਦਵੀ ਇਸ ਗਲੋਂ ਮੈਨੂੰ ਮਨ੍ਹਾ ਕਰਦੇ ਹਨ ਕਿ ਮੈਂ ਸਿਖ ਫੌਜ ਦੀ ਸ਼ਾਨਦਾਰ ਤੇ ਬੇਮਿਸਾਲ ਬਹਾਦਰੀ, ਹੁਸ਼ਿਆਰੀ ਤੇ ਨਿਸ਼ਚੇ ਦਾ ਆਪਣੀਆਂ ਲਿਖਤਾਂ ਵਿਚ ਜ਼ਿਕਰ ਕਰਦਾ, ਜਿਸ ਨਾਲ ਉਨ੍ਹਾਂ ਸਾਡੀ ਫ਼ੌਜ ਦਾ ਟਾਕਰਾ ਕੀਤਾ।"

ਗ਼ੱਦਾਰਾਂ ਦੀ ਇਸ ਤਿਗੜੀ ਨੇ ਜਿਤੀਆਂ ਹੋਈਆਂ ਸਿਖ ਫੌਜਾਂ ਨੂੰ ਹਰਾ ਦਿਤਾ। ਉਤੋਂ ਪ੍ਰਾਪੇਗੰਡਾ ਇਹ ਕੀਤਾ ਕਿ ਰਾਣੀ ਜਿੰਦਾਂ ਨੇ ਭਰਾ ਦਾ ਬਦਲਾ ਲੈਣ ਲਈ ਬਾਰੂਦ ਦੀ ਥਾਂ ਸਰ੍ਹੋਂ ਘਲਾ ਦਿਤੀ ਸੀ। ਇਸ ਚੰਡਾਲ ਡੋਗਰੇ ਤੇ ਦੋ ਅਤੀ ਘਿਰਣਤ ਨੀਚ ਬਾਹਮਣਾਂ ਦੀਆਂ ਕਰਤੂਤਾਂ ਨੂੰ ਕੌਣ ਨਹੀਂ ਸਮਝ ਸਕਦੈ। ਕੀ ਰਾਣੀ ਜਿੰਦਾਂ ਏਨਾ ਵੀ ਨਹੀਂ ਸੀ ਸਮਝਦੀ ਕਿ ਖਾਲਸਾ ਫੌਜ ਦੀ ਤਬਾਹੀ ਮਹਾਰਾਜਾ ਦਲੀਪ ਸਿੰਘ ਦੇ ਰਾਜ ਦੀ ਤਬਾਹੀ ਹੈ? ਤੇ ਉਸ ਦੀ ਆਪਣੀ ਤਬਾਹੀ ਵੀ? ਹੈ ਕੋਈ ਮਾਂ ਦੁਨੀਆ ਤੇ ਜੋ ਆਪਣੇ ਇਕਲੌਤੇ ਪੁੱਤਰ ਦੀ ਤਬਾਹੀ ਦਾ ਆਪਣੇ ਹੱਥੀਂ ਬਾਨ੍ਹਣੂੰ ਬੰਨ੍ਹੇ? ਇਹ ਸਾਰਾ ਉਸ ਲੂਣ-ਹਰਾਮੀ ਤ੍ਰਿਗੜੀ ਦਾ ਸ਼ੈਤਾਨੀ ਪ੍ਰਾਪੇਗੰਡਾ ਸੀ।

**ਗਵਰਨਰ ਜਨਰਲ ਹਾਰਡਿੰਗ ਲਾਹੌਰ ਵਿਚ—**

ਜੇਤੂ ਅੰਗਰੇਜ਼ੀ ਫ਼ੌਜਾਂ ਨੇ ਦਰਿਆ ਪਾਰ ਕਰਕੇ ੧੨ ਫ਼ਰਵਰੀ ੧੮੪੬ ਈ: ਨੂੰ ਲਾਹੌਰ ਜਾ ਪੜਾਅ ਕੀਤਾ। ੨੦ਫ਼ਰਵਰੀ ਨੂੰ ਹਾਰਡਿੰਗ ਲਾਹੌਰ ਪੁਜਾ। ਸਿਖ ਬੇਸ਼ਕ ਹਾਰ ਗਏ ਸਨ ਪਰ ਸਿਖ ਫੌਜ ਦੀ ਤਾਕਤ ਤੇ ਤੇਵਰ ਵੇਖ ਕੇ ਹਾਰਡਿੰਗ ਨੂੰ ਹਿੰਮਤ ਨਾ ਪਈ ਕਿ ਇਕ-ਦਮ ਪੰਜਾਬ ਨੂੰ ਅੰਗਰੇਜ਼ੀ ਇਲਾਕੇ ਵਿਚ ਸ਼ਾਮਲ ਕਰ ਲਿਆ ਜਾਵੇ।

੯ ਮਾਰਚ ੧੮੪੬ ਈ: ਨੂੰ ਅੰਗਰੇਜ਼ਾਂ ਆਪਣੀ ਮਨ-ਮਰਜ਼ੀ ਦਾ ਅਹਿਦਨਾਮਾ ਤਿਆਰ ਕੀਤਾ। ਇਹ ਉਨ੍ਹਾਂ ਦੀਆਂ ਮਨ-ਮਾਨੀਆਂ ਦਾ ਖੁਲ੍ਹਾ ਚਿੱਠਾ ਸੀ। ਇਹ ਸ਼ਰਤਾਂ ਲਾਹੌਰ ਦਰਬਾਰ ਤੇ ਠੋਸੀਆਂ ਗਈਆਂ—ਸਤਲੁਜ ਤੇ ਬਿਆਸ ਵਿਚਕਾਰਲਾ ਇਲਾਕਾ ਕੰਪਨੀ ਦਾ ਹੋਵੇਗਾ। ਲਾਹੌਰ ਦਰਬਾਰ ਡੇਢ ਕਰੋੜ ਰੁਪਇਆ ਜੰਗੀ ਤਾਵਾਨ ਵਜੋਂ ਦੇਵੇਗਾ। ਕਿਉਂਕਿ ਖ਼ਜ਼ਾਨਾ ਖ਼ਾਲੀ ਹੋਣ ਕਰਕੇ ਕੰਪਨੀ ਇਸ ਦੇ ਬਦਲੇ ਕਸ਼ਮੀਰ ਤੇ ਹਜ਼ਾਰੇ ਦਾ ਇਲਾਕਾ ਲੈ ਲਵੇਗੀ। ਮਹਾਰਾਜਾ ਸਾਰੀ ਖਾਲਸਾ ਫੌਜ ਤੋੜ ਦੇਵੇਗਾ ਤੇ ਸਿਰਫ ੨੦ ਹਜ਼ਾਰ ਘੋੜ-ਸਵਾਰ ਰਖ ਸਕੇਗਾ। ਲੜਾਈ ਵਿਚ ਅੰਗਰੇਜ਼ਾਂ ਵਿਰੁਧ ਵਰਤੀਆਂ ਗਈਆਂ ੩੬ ਤੋਪਾਂ ਕੰਪਨੀ ਦੇ ਹਵਾਲੇ ਕਰ ਦਿਤੀਆਂ ਜਾਣਗੀਆਂ। ਗਵਰਨਰ ਜਨਰਲ ਦੀ ਆਗਿਆ ਬਿਨਾਂ ਲਾਹੌਰ ਦਰਬਾਰ ਆਪਣੀਆਂ ਹੱਦਾਂ ਵਧਾ ਘਟਾ ਨਹੀਂ

www.AKJ.Org

ਸਕੇਗਾ। ਜੰਮੂ ਦੇ ਰਾਜਾ ਗੁਲਾਬ ਸਿੰਘ ਨੇ ਅੰਗਰੇਜ਼ੀ ਸਰਕਾਰ ਤੇ ਲਾਹੌਰ ਦਰਬਾਰ ਵਿਚਾਲੇ ਸੁਲ੍ਹਾ ਕਰਾਉਣ ਦੇ ਨੇਕ ਕੰਮ ਦਾ ਬੀੜਾ ਉਠਾਇਆ ਹੈ ਤੇ ਸਫਲ ਹੋਇਆ ਹੈ, ਸੋ ਉਸ ਨੂੰ ਅੱਗੇ ਤੋਂ ਜੰਮੂ ਦਾ ਖ਼ੁਦ-ਮੁਖ਼ਤਾਰ ਰਾਜਾ ਮੰਨਿਆ ਜਾਵੇਗਾ।

ਇਹੋ ਜਿਹੀਆਂ ਹੋਰ ਸ਼ਰਤਾਂ, ਜੋ ਅਸਲ ਵਿਚ ਮਹਾਂ ਮੱਕਾਰੀ ਦਾ ਜਾਲ ਸਨ, ਰਾਹੀਂ ਪੰਜਾਬ ਵਿਚ ਅੰਗਰੇਜ਼ਾਂ ਪੈਰ ਪਕੇ ਕਰ ਲਏ। ਫਿਰ ੧੧ ਮਾਰਚ ਨੂੰ ਇਕ ਹੋਰ ਅਹਿਦਨਾਮਾ ਕੀਤਾ, ਜਿਸ ਦੀ ਸ਼ਰਤ ਸੀ ਕਿ ਲਾਹੌਰ ਦਰਬਾਰ ਦੀ ਰਾਖੀ ਲਈ ੧੦ ਹਜ਼ਾਰ ਅੰਗਰੇਜ਼ੀ ਫੌਜ ਲਾਹੌਰ ਰਹੇਗੀ। ਇਹ ਵੀ ਤੈਅ ਹੋਇਆ ਕਿ ਅਗੋਂ ਲਈ ਨਵੀਂ ਭਰਤੀ ਅੰਗਰੇਜ਼ ਅਫਸਰਾਂ ਦੀ ਸਲਾਹ ਨਾਲ ਹੀ ਕੀਤੀ ਜਾ ਸਕੇਗੀ।(ਕਨਿੰਘਮ ਲਿਖਤ-"ਏ ਹਿਸਟਰੀ ਆਫ਼ ਦੀ ਸਿਖਜ਼"—ਇੰਡੈਕਸਜ਼ (ਜ਼ਮੀਮਾ) ੧੮, ੧੯, ਸਫ਼ਾ ੪੦੮ ਤੋਂ ੪੧੫), ਸਭ ਤੋਂ ਪਹਿਲੀ ਛਾਪ।

ਰਾਜਾ ਗੁਲਾਬ ਸਿੰਘ ਨੇ ਇਕ ਹੋਰ ਦਾਅ ਮਾਰਿਆ। ਜੰਗੀ ਤਾਵਾਨ ਦਾ ੭੫ ਲੱਖ ਤਾਰ ਕੇ ਕਸ਼ਮੀਰ ਵੀ ਆਪਣੇ ਪੇਟੇ ਪਾ ਲਿਆ। ਕਨਿੰਘਮ ਨਿਸਚੇ ਪੂਰਬਕ ਲਿਖਦਾ ਹੈ ਕਿ ਇਹ ਰਕਮ ਬਿਲਕੁਲ ਨਹੀਂ ਸੀ ਦਿਤੀ ਗਈ। ਬਾਕੀ ਕੁਛ ਰਕਮ ਸਿਖ ਸਰਦਾਰਾਂ ਆਪਣੇ ਪਲਿਓਂ ਇਕੱਠੀ ਕਰਕੇ ਪੂਰੀ ਕੀਤੀ ਸੀ।

੨੩ ਮਾਰਚ ੧੮੪੬ ਨੂੰ ਗਵਰਨਰ-ਜਨਰਲ ਲਾਹੌਰੋਂ ਤੁਰ ਗਿਆ। ਖਾਲਸਾ ਫ਼ੌਜ ਤੋੜ ਕੇ ਤਨਖਾਹਾਂ ਦੇ ਕੇ ਘਰੀਂ ਘਲਾ ਦਿਤੀ। ਸਰ ਜੌਹਨ ਲਿਟਨਰ ਦੀ ਕਮਾਨ ਹੇਠ ਅੰਗਰੇਜ਼ੀ ਫੌਜ ਲਾਹੌਰ ਰਹੀ। ਹੈਨਰੀ ਲਾਰੰਸ ਦੀ ਦੇਖ-ਰੇਖ ਹੇਠ ਇਕ ਰਾਜ-ਪ੍ਰਬੰਧਕ ਕੌਂਸਲ ਬਣਾਈ ਗਈ। ਲਾਲ ਸਿੰਘ ਵਜ਼ੀਰ ਤੇ ਤੇਜਾ ਸਿੰਘ ਸੈਨਾਪਤੀ ਬਣਿਆ। ਮਹਾਰਾਣੀ ਜਿੰਦਾਂ ਨੂੰ ਮ: ਦਲੀਪ ਸਿੰਘ ਦਾ ਮੁਖ਼ਤਿਆਰ ਮੰਨ ਕੇ ਖਰਚ ਲਈ ਇਕ ਲੱਖ ਰੁਪਿਆ ਮਾਸਕ ਦੇਣਾ ਪਰਵਾਨ ਕੀਤਾ ਗਿਆ।

**ਭਰੋਵਾਲ ਦਾ ਅਹਿਦਨਾਮਾ—**

ਗੁਲਾਬ ਸਿੰਘ ਖ਼ੁਦ-ਮੁਖ਼ਤਾਰ ਰਾਜੇ ਦੀ ਹੈਸੀਅਤ ਵਿਚ ਕਸ਼ਮੀਰ ਦਾ ਕਬਜ਼ਾ ਲੈਣ ਗਿਆ। ਖ਼ਾਲਸਾ ਦਰਬਾਰ ਵਲੋਂ ਨਿਯੁਕਤ ਹਾਕਿਮ ਸ਼ੇਖ ਇਮਾਮੁੱਦੀਨ ਨੇ ਕਬਜ਼ਾ ਦੇਣੋਂ ਇਨਕਾਰ ਕਰ ਦਿਤਾ। ਲਾਲ ਸਿੰਘ ਨੇ ਈਰਖਾ-ਵਸ ਲਿਖਿਆ ਸੀ ਕਿ ਗੁਲਾਬ ਸਿੰਘ ਨੂੰ ਕਬਜ਼ਾ ਨਾ ਦਿਤਾ ਜਾਵੇ। ਪਰ ਲਾਹੌਰੋਂ ਫੌਜ ਘਲਾ ਕੇ ਕਬਜ਼ਾ ਦਿਵਾਇਆ ਗਿਆ। ਲਾਲ ਸਿੰਘ ਦਾ ਕਸੂਰ ਸਾਬਤ ਹੋਣ 'ਤੇ ਉਸ ਨੂੰ ਪੈਨਸ਼ਨ ਦੇ ਕੇ ਪੰਜਾਬ ਵਿਚੋਂ ਜਲਾਵਤਨ ਕਰ ਦਿਤਾ ਗਿਆ। ਪਹਿਲੇ ਅਹਿਦਨਾਮੇ ਦੇ ਤਹਿਤ ੧੮੪੬ ਈ: ਦੇ ਅੰਤ ਵਿਚ ਅੰਗਰੇਜ਼ੀ ਫੌਜ ਦਾ ਲਾਹੌਰੋਂ ਚਲੇ ਜਾਣਾ ਬਣਦਾ ਸੀ, ਪਰ ਗਵਰਨਰ ਜਨਰਲ ਨੂੰ ਇਹ ਕਦ ਪਸੰਦ ਸੀ। ਉਸ ਦੇ ਮੂੰਹ ਕੌਣ ਆ ਸਕਦਾ ਸੀ। ਲਾਹੌਰ ਦਰਬਾਰ ਦੀ ਅੱਖੀਂ ਘਟਾ ਪਾਉਣ ਲਈ ੧੬ ਦਸੰਬਰ ੧੮੪੬ ਨੂੰ ਭਰੋਵਾਲ ਦੇ ਮੁਕਾਮ ਤੇ ਇਕ ਹੋਰ ਅਹਿਦਨਾਮਾ ਕੀਤਾ ਗਿਆ। ਇਸ ਰਾਹੀਂ ਫ਼ੈਸਲਾ ਹੋਇਆ ਕਿ ਗਵਰਨਰ ਜਨਰਲ ਵਲੋਂ ਥਾਪੇ ਗਏ ਅੰਗਰੇਜ਼ ਅਫ਼ਸਰ ਨੂੰ ਹਰ ਮਹਿਕਮੇ ਦੇ ਹਰ ਕੰਮ ਵਿਚ ਸਿੱਧਾ ਦਖ਼ਲ ਦੇਣ ਦੇ ਪੂਰੇ ਪੂਰੇ ਅਖ਼ਤਿਆਰ ਹੋਣਗੇ। ਗਵਰਨਰ ਜਨਰਲ ਨੂੰ ਅਧਿਕਾਰ ਹੋਵੇਗਾ ਕਿ ਉਹ ਪੰਜਾਬ ਦੇਸ਼ ਵਿਚ ਅਮਨ-ਅਮਾਨ ਕਾਇਮ ਰਖਣ ਲਈ ਖਾਲਸਾ ਰਾਜ ਦੇ ਕਿਸੇ ਵੀ ਕਿਲ੍ਹੇ ਉਤੇ ਜਦ ਚਾਹੇ, ਕਬਜ਼ਾ ਕਰ ਲਵੇਗਾ। ਮਹਾਰਾਜੇ ਦੀ ਰਾਖੀ ਲਈ ਲਾਹੌਰ ਵਿਚ ਅੰਗਰੇਜ਼ ਫੌਜ ਬਦਸਤੂਰ ਰਹੇਗੀ।

ਲਾਹੌਰ ਦਰਬਾਰ ਇਸ ਫੌਜ ਦੇ ਖ਼ਰਚ ਲਈ ੨੨ ਲਖ ਰੁਪਏ ਸਾਲਾਨਾ ਦਿਆ ਕਰੇਗਾ। ਮਹਾਰਾਣੀ ਜਿੰਦਾਂ ਨੂੰ ਉਸ ਦੇ ਖ਼ਰਚ ਲਈ ਅੱਗੇ ਤੋਂ ਸਿਰਫ ਡੇਢ ਲਖ ਰੁਪਏ ਸਾਲਾਨਾ ਮਿਲਿਆ ਕਰੇਗਾ। (ਪਹਿਲਾਂ ਸਾਲ ਦਾ ੧੨ ਲੱਖ, ਹੁਣ ਸਿਰਫ਼ ਡੇਢ ਲੱਖ)। ੪ ਸਤੰਬਰ ੧੮੫੪ ਨੂੰ ਜਦ ਮਹਾਰਾਜਾ ਬਾਲਗ ਹੋ ਜਾਵੇਗਾ ਤਾਂ ਇਹ ਅਹਿਦਨਾਮਾ ਵੀ ਖ਼ਤਮ ਸਮਝਿਆ ਜਾਵੇਗਾ।

ਇਸ ਅਹਿਦਨਾਮੇ ਰਾਹੀਂ ਮਹਾਰਾਣੀ ਜਿੰਦਾਂ ਦਾ ਅਮਲ ਦਖ਼ਲ ਕਤੱਈ ਤੌਰ ਤੇ ਖਤਮ ਕਰ ਦਿਤਾ ਗਿਆ। ਹੈਨਰੀ ਲਾਰੰਸ ਰੈਜ਼ੀਡੈਂਟ ਨਿਯੁਕਤ ਹੋਇਆ। ਉਹ ਕਿਸ ਕਿਸਮ ਦਾ ਕੁਟਲ ਨੀਤੀਵਾਨ ਸੀ, ਇਸ ਦੇ



www.AKJ.Org

ਸ਼ਬਦਾਂ ਤੋਂ ਜ਼ਾਹਰ ਹੈ, ਜੋ ਉਹ ਵਰਤਿਆ ਕਰਦਾ ਸੀ—"ਇਨ੍ਹਾਂ ਹਲਵਾਹ ਪੰਜਾਬੀ ਸਰਦਾਰਾਂ ਤੋਂ ਤਲਵਾਰ ਖੋਹ ਕੇ ਮੁੜ ਹੱਲ ਦੀ ਜੰਘੀ ਫੜਾਉਣਾ ਮੇਰਾ ਕੰਮ ਹੈ।"

ਇਸ ਸੰਧੀ-ਪੱਤਰ ਰਾਹੀਂ ਰਾਜ-ਪ੍ਰਬੰਧ ਚਲਾਉਣ ਲਈ ਜੋ ਕੌਂਸਲ ਬਣਾਈ ਗਈ, ਉਸ ਦੇ ਮੈਂਬਰ ਸਨ—ਤੇਜਾ ਸਿੰਘ, ਸ਼ੇਰ ਸਿੰਘ ਅਟਾਰੀ, ਦੀਵਾਨ ਦੀਨਾ ਨਾਥ, ਫ਼ਕੀਰ ਨੂਰੁੱਦੀਨ, ਰਣਜੋਧ ਸਿੰਘ ਮਜੀਠੀਆ, ਭਾਈ ਨਿਧਾਨ ਸਿੰਘ, ਅਤਰ ਸਿੰਘ ਕਾਲੇਵਾਲਾ, ਤੇ ਸ਼ਮਸ਼ੇਰ ਸਿੰਘ ਸੰਧਾਵਾਲੀਆ। ਜੁਲਾਈ ੧੮੪੭ ਵਿਚ ਗਵਰਨਰ ਜਨਰਲ ਨੇ ਇਕ ਹੋਰ ਚੋਟ ਮਾਰੀ। ਰੈਜ਼ੀਡੈਂਟ ਦੇ ਏਨੇ ਅਖ਼ਤਿਆਰ ਵਧਾ ਦਿਤੇ ਕਿ ਉਹ ਜਿਸ ਨੂੰ ਚਾਹੇ, ਕੌਂਸਲ ਦੀ ਮੈਂਬਰੀ ਤੋਂ ਹਟਾ ਸਕਦਾ, ਜਿਸ ਨੂੰ ਚਾਹੇ ਨਵਾਂ ਰਖ ਸਕਦਾ ਸੀ। ਜਿਥੇ ਚਾਹੇ ਸਿਖ ਫੌਜ ਹਟਾ ਕੇ ਅੰਗਰੇਜ਼ੀ ਫੌਜ ਰਖ ਸਕਦਾ ਸੀ। ਇਹ ਅਹਿਦਨਾਮੇ ਕਾਹਦੇ ਸਨ? ਸਿਰਫ਼ ਲਾਹੌਰ ਦਰਬਾਰ ਨੂੰ ਸਿਰਿਓਂ ਜ਼ਲੀਲ ਕਰਨਾ, ਜਰਜਰਾ ਬਣਾਉਣਾ, ਏਨਾ ਜ਼ਿਚ ਕਰਨਾ ਕਿ ਉਹ ਗੁੱਸੇ ਵਿਚ ਆ ਕੇ ਕੋਈ ਐਸਾ ਕਦਮ ਚੁਕੇ, ਜਿਸ ਨਾਲ ਗਵਰਨਰ ਜਨਰਲ ਨੂੰ ਮੌਕਾ ਮਿਲ ਜਾਵੇ ਤੇ ਉਹ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਲ ਕਰ ਸਕੇ।

ਰਾਣੀ ਜਿੰਦਾਂ ਅੰਗਰੇਜ਼ਾਂ ਦੀ ਕੂਟਲਨੀਤੀ ਨੂੰ ਬਿਲਕੁਲ ਸਮਝਦੀ ਸੀ ਕਿ ਕੀ ਹੋ ਰਿਹਾ ਹੈ ਤੇ ਕੀ ਹੋਣ ਵਾਲਾ ਹੈ, ਪਰ ਉਸ ਦੀ ਪੇਸ਼ ਕੋਈ ਨਹੀਂ ਸੀ ਜਾ ਰਹੀ। ਜ਼ਖ਼ਮੀ ਸ਼ੇਰਨੀ ਵਾਂਗ ਆਪਣੇ ਜ਼ਖਮ ਚੱਟ ਰਹੀ ਸੀ। ਗਵਰਨਰ ਜਨਰਲ ਰਾਣੀ ਨੂੰ ਬਿਲੇ ਲਾ ਦੇਣ ਲਈ ਕਿਸੇ ਗਹਿਰੀ ਸੋਚ ਵਿਚ ਗਲਤਾਨ ਸੀ।

ਸਾਰੇ ਦਰਬਾਰੀ, ਤੇ ਸਾਰਾ ਪੰਜਾਬ ਗ਼ੱਦਾਰ ਤੇਜਾ ਸਿੰਘ ਤੇ ਔਖਾ ਸੀ। ਉਸਦੀਆਂ ਗੱਦਾਰੀਆਂ ਦੀ ਸਜ਼ਾ ਦੇਣ ਲਈ ਉਸ ਦੇ ਕਤਲ ਦੀ ਵਿਉਂਤ ਬਣੀ। ਮਹਾਰਾਣੀ ਜਿੰਦਾਂ ਦੇ ਸਕੱਤਰ ਪਰਮੇ ਨੂੰ ਇਸ ਲਈ ਦੋਸ਼ੀ ਕਰਾਰ ਦੇ ਕੇ ਫਾਂਸੀ ਉਤੇ ਲਟਕਾ ਦਿਤਾ ਗਿਆ। ਇਸ ਤੋਂ ਬਾਅਦ ਤੇਜਾ ਸਿੰਘ ਨੂੰ ਉਚਾ ਚੁਕਣ ਤੇ ਵਿਰੋਧੀਆਂ ਦੀ ਹੇਠੀ ਕਰਨ ਲਈ ੭ ਅਗਸਤ ੧੮੪੭ ਈ: ਨੂੰ ਇਕ ਵਿਸ਼ੇਸ਼ ਦਰਬਾਰ ਕਰਕੇ ਉਸ ਨੂੰ "ਰਾਜਾ" ਦਾ ਖ਼ਿਤਾਬ ਦਿਤਾ ਗਿਆ। ਆਮ ਰਸਮ ਚੱਲੀ ਆਉਂਦੀ ਸੀ ਕਿ ਜਿਸ ਨੂੰ "ਰਾਜਾ" ਦਾ ਖ਼ਿਤਾਬ ਮਿਲਦਾ, ਮਹਾਰਾਜਾ ਆਪਣੇ ਹੱਥੀਂ ਉਸ ਨੂੰ ਤਿਲਕ ਲਾਇਆ ਕਰਦਾ ਸੀ। ਇਹ ਤਿਲਕ ਮ: ਦਲੀਪ ਸਿੰਘ ਨੇ ਲਾਉਣਾ ਸੀ। ਪਰ ਛੋਟੀ ਉਮਰ ਦੇ ਮਹਾਰਾਜਾ ਨੇ ਆਪਣੀ ਮਾਤਾ ਦੀ ਹਦਾਇਤ ਤੇ ਚਲਦਿਆਂ ਇਸ ਮਹਾਨ ਗ਼ੱਦਾਰ ਦੇ ਸੜੇ ਮੱਥੇ ਤੇ ਤਿਲਕ ਲਾਉਣੋਂ ਸਾਫ਼ ਇਨਕਾਰ ਕਰ ਦਿਤਾ। ਰੈਜ਼ੀਡੈਂਟ ਹੈਨਰੀ ਲਾਰੰਸ ਤੇ ਗਵਰਨਰ ਜਨਰਲ ਦੇ ਮੂੰਹ ਉਤੇ ਬਾਲਕ ਮਹਾਰਾਜੇ ਵਲੋਂ ਇਹ ਸਿਧੀ ਤੇ ਭਰਵੀਂ ਚਪੇੜ ਸੀ। ਇਹ ਚੰਗੀ ਤਰ੍ਹਾਂ ਸਮਝਦੇ ਸਨ ਕਿ ਇਸ ਪਿਛੇ ਕਿਸ ਦਾ ਦਿਮਾਗ਼ ਕੰਮ ਕਰ ਰਿਹਾ ਸੀ।੧

## ਰਾਣੀ ਜਿੰਦਾਂ ਨਜ਼ਰਬੰਦ—

ਰਾਣੀ ਜਿੰਦਾਂ ਤੇ ਦੀਵਾਨ ਦੀਨਾਨਾਥ ਅੰਗਰੇਜ਼ਾਂ ਦੀਆਂ ਕੁਹਜੀਆਂ ਚਾਲਾਂ ਤੇ ਭੈੜੀਆਂ ਕਰਤੂਤਾਂ ਲਈ ਰੋੜਾ ਸਾਬਤ ਹੋ ਰਹੇ ਸਨ। ਲਾਰਡ ਹਾਰਡਿੰਗ ਉਤੋਂ ਜ਼ੋਰ ਪਾ ਰਿਹਾ ਸੀ ਕਿ ਰਾਣੀ ਨੂੰ ਛੇਤੀ ਤੋਂ ਛੇਤੀ ਜਲਾਵਤਨ ਕਰਨ ਦੀ ਸੂਰਤ ਬਣਾਈ ਜਾਵੇ। ਹੈਨਰੀ ਲਾਰੰਸ ਨੇ ਰਾਣੀ ਦੇ ਅਧਿਕਾਰ ਤਾਂ ਪਹਿਲਾਂ ਹੀ ਸਮਾਪਤ ਕਰਕੇ ਇਕ ਤਰ੍ਹਾਂ ਉਸ ਨੂੰ ਸਮਨ ਬੁਰਜ ਵਿਚ ਨਜ਼ਰਬੰਦ ਕਰ ਛਡਿਆ ਸੀ। ਇਥੇ ਉਸ ਨੂੰ ਜਿਸ ਤਰ੍ਹਾਂ ਤੰਗ ਕੀਤਾ, ਉਸਦੀ ਅਣਖ ਨੂੰ ਠੇਸ ਪਹੁੰਚਾਈ ਗਈ, ਉਸਦੀ ਉਸ ਚਿੱਠੀ ਤੋਂ ਪਤਾ ਲਗਦਾ ਹੈ ਜੋ ਉਸ ਨੇ ਲਾਰੰਸ ਨੂੰ (ਲਗ ਪਗ ਅਧ ਅਗਸਤ, ੧੮੪੭) ਆਪਣੇ ਹੱਥੀਂ ਲਿਖ ਕੇ ਪਾਈ ਸੀ। ਹਾਲਾਤ ਤੋਂ ਪਤਾ ਲਗਦੈ ਕਿ ਉਹ ਚਿਠੀ ਹੈਨਰੀ ਲਾਰੰਸ ਤੱਕ ਪਹੁੰਚ ਨਹੀਂ ਸਕੀ, ਜਾਂ ਪਹੁੰਚਣ ਹੀ ਨਹੀਂ ਦਿਤੀ ਗਈ। ਇਸ ਤੋਂ ਪਿਛੋਂ ਹੋਰ ਦੋ ਚਿਠੀਆਂ ਲਿਖੀਆਂ ਮਿਲਦੀਆਂ ਹਨ ਤੇ ਇਹ ਵੀ ਨਹੀਂ ਮਿਲੀਆਂ ਲਗਦੀਆਂ। ਪਹਿਲੀ ਚਿਠੀ ਤਾਂ ਪਥਰ-ਦਿਲ ਬੰਦੇ ਦਾ ਵੀ ਦਿਲ ਕੰਬਾ ਦੇਣ ਵਾਲੀ ਹੈ।੨

## ਰਾਣੀ ਸ਼ੇਖੂਪੁਰ ਦੇ ਕਿਲ੍ਹੇ ਵਿਚ ਕੈਦ—

ਰਾਣੀ ਸਾਹਿਬਾ ਨੂੰ ਏਨਾ ਤੰਗ ਕੀਤਾ ਕਿ ਉਨ੍ਹਾਂ ਆਪਣੇ ਗਹਿਣੇ ਵੇਚ ਵੇਚ ਗੁਜ਼ਾਰਾ ਚਲਾਇਆ। ਕੋਈ



www.AKJ.Org

ਦਾਦ ਨਾ ਫਰਿਆਦ। ਇਹ ਸੀ ਅੰਗਰੇਜ਼ ਸਰਕਾਰ ਦੀ ਤਹਿਜ਼ੀਬ ਤੇ ਉਸ ਦਾ ਇਖ਼ਲਾਕ। ਜਿਸ ਦੀ ਦੋਸਤੀ ਦਾ ਦਮ ਭਰਦੇ ਸਨ, ਉਸਦਾ ਸਿਵਾ ਵੀ ਨਹੀਂ ਸੀ ਠੰਡਾ ਹੋਇਆ ਕਿ ਉਸ ਦੀ ਵਿਧਵਾ ਮਹਾਰਾਣੀ ਤੇ ਨਾਬਾਲਗ ਪੁੱਤਰ ਨਾਲ ਐਸਾ ਭੈੜਾ ਸਲੂਕ! ਮਾਂ ਪੁਤਾਂ ਦੀ ਐਸੀ ਦੁਰਦਸ਼ਾ! ਗਵਰਨਰ-ਜਨਰਲ ਹਾਰਡਿੰਗ ਤੇ ਹੈਨਰੀ ਲਾਰੰਸ ਦੋਵੇਂ ੧੮੪੭ ਈ: ਦੇ ਅੰਤ ਵਿਚ ਵਲਾਇਤ ਚਲੇ ਗਏ। ੧੮੪੮ ਵਿਚ ਮਾਰਕੁਇਸ ਡਲਹੌਜ਼ੀ ਨਵਾਂ ਗਵਰਨਰ-ਜਨਰਲ ਬਣ ਕੇ ਆਇਆ ਤੇ ਲਾਹੌਰ ਦਾ ਰੈਜ਼ੀਡੈਂਟ ਫ਼ਰੈਡਰਿਕ ਕਰੀ ਨੀਅਤ ਹੋਇਆ।

ਮਹਾਰਾਣੀ ਜਿੰਦਾਂ ਉਤੇ ਝੂਠੀਆਂ ਊਜਾਂ ਲਾਈਆਂ ਜਾ ਰਹੀਆਂ ਸਨ ਕਿ ਇਹ ਸਾਜ਼ਸ਼ਾਂ ਕਰ ਕੇ ਸਿੱਖਾਂ ਨੂੰ ਅੰਗਰੇਜ਼ਾਂ ਵਿਰੁਧ ਉਭਾਰ ਰਹੀ ਹੈ। ਮੁਲਤਾਨ ਵਾਲੇ ਮੂਲਰਾਜ ਤੋਂ ਕਿਲ੍ਹੇ ਦਾ ਕਬਜ਼ਾ ਲੈਣ ਗਏ ਦੋ ਅਫ਼ਸਰ ਵਾਨਸ ਐਗਨਿਊ ਤੇ ਲੈਫਟੀਨੈਂਟ ਐਂਡਰਸਨ ਮਾਰੇ ਗਏ ਸਨ। ਹਾਲਾਤ ਤਾਂ ਅੰਗਰੇਜ਼ ਅਫ਼ਸਰਾਂ ਦੀਆਂ ਵਧੀਕੀਆਂ ਖ਼ਰਾਬ ਕਰ ਰਹੇ ਸਨ, ਇਲਜ਼ਾਮ ਮਹਾਰਾਣੀ ਸਾਹਿਬਾਂ ਤੇ ਆ ਰਿਹਾ ਸੀ। ਏਸੇ ਕੈਦ ਦੌਰਾਨ ਮਹਾਰਾਣੀ ਦੇ ਕਪੜੇ ਉਤਰਵਾ ਕੇ ਤਲਾਸ਼ੀ ਲਈ ਗਈ। ਭਾਲ ਸੀ ਕਿਸੇ ਚਿਠੀ ਦੀ, ਜੋ ਸਾਜ਼ਿਸ਼ ਨਾਲ ਸੰਬੰਧ ਜ਼ਾਹਰ ਕਰੇ। ਇਹ ਵੀ ਲਾਲਚ ਸੀ ਕਿ ਕੋਹ-ਨੂਰ ਹੀਰੇ ਵਰਗੇ ਕੁਝ ਹੋਰ ਹੀਰੇ ਮਹਾਰਾਣੀ ਸਾਹਿਬਾ ਤੋਂ ਮਿਲ ਜਾਣ, ਜਿਨ੍ਹਾਂ ਨੂੰ ਉਨ੍ਹਾਂ ਆਪਣੇ ਸਰੀਰ ਤੇ ਛੁਪਾਇਆ ਹੋਇਆ ਹੈ। ਮਹਾਰਾਣੀ ਨੂੰ, ਜਿਸ ਨੇ ਅਸਹਿ ਤੇ ਅਸਹਿ ਦੁਖ ਦਿਤੇ ਤੇ ਕਪੜੇ ਉਤਰਵਾ ਕੇ ਤਲਾਸ਼ੀ ਲਈ ਸੀ, ਉਹ ਇਕ ਅੰਗਰੇਜ਼ ਅਫ਼ਸਰ ਬਰਕਲੇ ਨਾਮੀ ਸੀ। ਇਸ ਤੋਂ ਪਿਛੋਂ ੧੫ ਮਈ ੧੮੪੮ ਨੂੰ ਰਾਣੀ ਜਿੰਦਾਂ ਉਤੇ ਗੁਪਤ ਸਾਜ਼ਿਸ਼ਾਂ ਕਰਨ ਦਾ ਇਲਜ਼ਾਮ ਲਾ ਕੇ ਤੇ ਜਲਾਵਤਨ ਕਰਕੇ ਬਨਾਰਸ ਭੇਜ ਦਿਤਾ ਗਿਆ। ਖ਼ਰਚਾ ੪੮ ਹਜ਼ਾਰ ਤੋਂ ਘਟਾ ਕੇ ੧੨ ਹਜ਼ਾਰ ਕਰ ਦਿਤਾ ਗਿਆ।

ਤੰਗੀਆਂ ਤਸੀਹੇ, ਜ਼ੇਵਰਾਂ ਦਾ ਵਿਕਣਾ, ਨਗਨ ਕਰਕੇ ਤਲਾਸ਼ੀ ਲੈਣ ਤੇ ਅੰਤ ਵਿਚ ਸ਼ੇਰੇ ਪੰਜਾਬ ਦੀ ਪਿਆਰੀ ਰਾਣੀ ਨੂੰ ਦੇਸ-ਨਿਕਾਲਾ! ਪੰਜਾਬ ਭੜਕ ਉਠਿਆ। ਪੰਜਾਬੀਆਂ ਦਾ ਏਡਾ ਭਾਰਾ ਅਪਮਾਨ! ਨਤੀਜਾ ਚੇਲੀਆਂ ਵਾਲਾ ਤੇ ਗੁਜਰਾਤ ਦੀਆਂ ਲੜਾਈਆਂ ਨਿਕਲਿਆ। ਇਨ੍ਹਾਂ ਵਿਚ ਭਾਵੇਂ ਅੰਗਰੇਜ਼ਾਂ ਦਾ ਪਲੜਾ ਭਾਰੀ ਰਿਹਾ, ਪਰ ਲੋਕਾਂ ਦੇ ਦਿਲਾਂ ਵਿਚ ਜੋ ਜਵਾਲਾ ਭੜਕ ਉਠੀ, ਉਹ ਅੰਗਰੇਜ਼ਾਂ ਦੇ ਹਿੰਦੁਸਤਾਨ ਛਡ ਕੇ ਜਾਣ ਤਕ ਠੰਡੀ ਨਾ ਹੋ ਸਕੀ। ਸ਼ਾਇਦ ਇਹ ਕਦੀ ਵੀ ਠੰਡੀ ਨਾ ਹੋ ਸਕੇ।

## ਬਦਲੇ ਲਈ ਨਿਤਰਿਆ ਅਹਿਮਦ ਖਰਲ–

ਮਹਾਰਾਣੀ ਦੇ ਅਪਮਾਨ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਸਾਰੇ ਪੰਜਾਬ ਵਿਚ ਫੈਲ ਗਈ। ਹਰ ਘੱਰ ਵਿਚ, ਖੁੰਢਾਂ ਤੇ ਸੱਥਾਂ ਵਿਚ ਇਸੇ ਕੁਕਰਮ ਦਾ ਚਰਚਾ ਹੁੰਦਾ। ਰਾਜ ਤਾਂ ਖੋਹ ਲਿਆ, ਪਰ ਇਸ ਬੇਪਤੀ ਦਾ ਕੀ ਮਤਲਬ! ਇਹ ਪੰਜਾਬੀਆਂ ਨੂੰ ਵੰਗਾਰ ਹੈ। ਹਰ ਕੋਈ ਬਦਲਾ ਲੈਣ ਲਈ ਲੇਖੇ ਲੱਗ ਜਾਣਾ ਚਾਹੁੰਦਾ ਸੀ। ਹਰ ਗਭਰੂ ਦੀ ਖਾਹਿਸ਼ ਸੀ ਕਿ ਬਰਕਲੇ ਦੇ ਸੀਨੇ ਵਿਚ ਖੁਭਣ ਵਾਲਾ ਖੰਜਰ ਉਸ ਦਾ ਹੋਵੇ। ਅਹਿਮਦ ਖਰਲ ਉਰਫ਼ ਸੈਦ ਹਬੂਲ ਨੀਲੀ ਤੇ ਗੰਜੀ-ਬਾਰ ਵਿਚ ਵਿਚਰਨ ਵਾਲਾ ਉੱਘਾ ਖਾੜਕੂ ਸੀ। ਇਹ ਅੰਗਰੇਜ਼ਾਂ ਨੂੰ ਪੰਜਾਬੀਆਂ ਦਾ ਵੈਰੀ ਸਮਝਦਾ ਸੀ ਤੇ ਇਕ ਛੋਟਾ ਜਿਹਾ ਗਰੋਹ ਬਣਾ ਕੇ ਅੰਗਰੇਜ਼ਾਂ ਨੂੰ ਜ਼ਿਚ ਕਰਦਾ ਰਹਿੰਦਾ। ਇਸ ਨੂੰ ਇਕ ਦਿਨ ਖ਼ਬਰ ਪਹੁੰਚੀ ਕਿ ਫ਼ਲਾਣੀ ਤਰੀਕ ਨੂੰ ਬਰਕਲੇ ਸਾਹੀਵਾਲ ਦੇ ਦੌਰੇ ਤੇ ਆ ਰਿਹਾ ਹੈ। ਇਹ ਭੇਸ ਬਦਲ ਕੇ ਸਾਹੀਵਾਲ ਪੁਜ ਗਿਆ। ਸ਼ਹਿਰ ਦੇ ਸਦਰ ਬਾਜ਼ਾਰ ਵਿਚਦੀ ਬਰਕਲੇ ਦਾ ਜਲੂਸ ਜਾਣਾ ਸੀ, ਜੋ ਲੋਕਾਂ ਉਤੇ ਰੁਅਬ ਤੇ ਦਬਦਬਾ ਬੈਠਾਉਣ ਵਾਸਤੇ, ਦੂਜਿਆਂ ਸ਼ਹਿਰਾਂ ਵਾਂਗ ਨਿਕਲਣਾ ਸੀ, ਤਾਂਕਿ ਲੋਕ ਡਰ ਮੰਨਣ ਤੇ ਸਿਰ ਨਾ ਚੁਕਣ। ਮੁਨਾਦੀ ਹੋ ਚੁਕੀ ਸੀ। ਲੋਕ ਬਾਜ਼ਾਰ ਵਿਚ ਦੋਹੀਂ ਪਾਸੀਂ "ਸਾਹਿਬ ਬਹਾਦਰ" ਦਾ ਦਰਸ਼ਨ ਕਰਨ ਨੂੰ ਖੜੇ ਸਨ। ਲੋਕਾਂ ਵਿਚ ਹੀ ਅਹਿਮਦ ਖੜਾ ਹੋ ਗਿਆ। ਜਾਂ ਦੂਰੋਂ ਦਿਸਿਆ ਕਿ ਬਰਕਲੇ ਇਕ ਸ਼ਾਨਦਾਰ ਬਘੀ ਵਿਚ ਸਵਾਰ ਹੋ ਕੇ ਆ ਰਿਹਾ ਹੈ ਤਾਂ ਕਤਾਰ ਚੋਂ ਅਗੇ ਵਧੇ ਖਲੋਤੇ ਨੂੰ ਤਕ ਕੇ ਇਕ ਚੋਬਦਾਰ ਨੇ ਹੁਟਕਿਆ, "ਪਿਛੇ ਹਟੋ।" ਖਰਲ ਨੇ ਕਿਹਾ, "ਮੈਂ ਸਾਹਿਬਾ ਚਾ ਡਿਠਸਾਂ। "ਕੀ ਸਾਹਿਬੇ ਨੂੰ ਰਿਸ਼ਤਾ ਦੇਵਣਾ ਹੈ।" "ਰਿਸ਼ਤਾ ਨਿਕਾਹ ਅੱਜ ਈਹਾਂ ਹੋਸਣ।" ਚੋਬਦਾਰ ਇਸ ਰਮਜ਼ ਨੂੰ ਨਹੀਂ ਗੌਲ ਸਕਿਆ। ਜਦ ਬਘੀ


www.AKJ.Org

ਬਰਾਬਰ ਆਈ ਤਾਂ ਅਹਿਮਦ ਖਰਲ ਪਿਛਲੇ ਪਾਸਿਓਂ ਛਾਲ ਮਾਰ ਕੇ ਉਤੇ ਚੜ੍ਹ ਗਿਆ ਤੇ ਤਲਵਾਰ ਧੂਹ ਕੇ ਇਕ ਐਸਾ ਹੱਥ ਮਾਰਿਆ ਕਿ ਸਿਰ ਝਾੜ ਕੇ ਥਲੇ ਸੁਟ ਦਿਤਾ। ਹਾਹਾਕਾਰ ਮੱਚ ਗਈ। ਇਸ ਤੋਂ ਪਹਿਲਾਂ ਕਿ ਨਾਲ ਦੀ ਫੌਜੀ ਗਾਰਦ ਕੋਈ ਕਾਰਵਾਈ ਕਰ ਸਕੇ, ਅਹਿਮਦ ਕਾਰਾ ਕਰ ਕੇ ਲੋਕਾਂ ਦੀ ਭੀੜ ਵਿਚ ਅਲੋਪ ਹੋ ਗਿਆ। ਕੋਈ ਵੀ ਹੱਥ ਉਸ ਤੱਕ ਨਾ ਪਹੁੰਚ ਸਕਿਆ। ਜਲੂਸ ਰੁਕ ਗਿਆ। ਲੋਕਾਂ ਦੀ ਆਵਾਜ਼ ਸੀ– "ਸੂਰਮਿਆ, ਅਸੀਂ ਕੁਰਬਾਨ ਹਾਂ ਤੇਰੇ ਜਣਨ ਵਾਲੀ ਤੋਂ। ਸਦਕੇ! ਜੰਮਣਾ ਹੀ ਤੇਰਾ!! ਪੰਜਾਬੀਆਂ ਦੀ ਡਿਗੀ ਪੱਗ ਸਿਰ ਤੇ ਰਖ ਚਲਿਆ ਹੈਂ !!! ਸਦ ਆਫ਼ਰੀਨ !!!"

ਮਿੰਟਗੁਮਰੀ, ਮੁਲਤਾਨ, ਵਿਹਾੜੀ ਤੇ ਝੰਗ ਲਾਇਲਪੁਰ ਦੀਆਂ ਜੂਹਾਂ ਵਿਚ ਜਦ ਗਭਰੂ ਅਹਿਮਦ ਖਰਲ ਦੀ ਇਸ ਸੂਰਮਗਤੀ ਨੂੰ ਢੋਲਿਆਂ ਦੀ ਸ਼ਕਲ ਵਿਚ ਗਾਉਂਦੇ ਹਨ ਤਾਂ ਸੁਣਨ ਵਾਲਿਆਂ ਦੇ ਡੌਲੇ ਫਰਕਣ ਲੱਗ ਪੈਂਦੇ ਹਨ। ਆਪ-ਮੁਹਾਰੇ ਹੱਥ ਮੁੱਛਾਂ ਤੇ ਫਿਰਨ ਲੱਗ ਪੈਂਦੇ ਹਨ। ਇਤਿਹਾਸਕਾਰਾਂ ਤਾਂ ਭਾਵੇਂ ਇਸ ਨੂੰ ਗੌਲਿਆ ਨਹੀਂ, ਪਰ ਲੋਕਾਂ ਦੇ ਸੀਨਿਆਂ ਵਿਚ ਇਹ ਪੀੜ੍ਹੀਓਂ ਪੀੜ੍ਹੀ ਗੂੰਜਦਾ ਆ ਰਿਹਾ ਹੈ। ਬੋਲ ਕੁਝ ਇਸ ਤਰ੍ਹਾਂ ਹਨ:–

ਤਲਵਾਰ ਅਹਿਮਦ ਦੀ ਜੋ ਘੜੀ ਹੈ ਅਹਿਰਨ ਤੇ ਧਰ ਕੇ,
ਉਹ ਮੁੰਨਾ ਹੱਥ ਵਧਾਈ ਫੜੀ ਸੈਦ ਹਬੂਲ ਦੇ,
ਸਾਂਗ ਨਿਕਲਦੀ ਇਉਂ ਭਈ ਚਮਕੀ ਜਿਵੇਂ ਨੀਰ ਨੈਆਂ ਦੇ ਮੱਛੀ ਆਉਂਦੀ ਹੈ ਤਲਕੇ।
ਉਨ੍ਹੇ ਮਾਰੀ ਆ ਤਣ ਕੇ ਤੇ ਗਈ ਹੈ ਅੰਗਰੇਜ ਦੇ ਪਿੰਜਰ ਨੂੰ ਤਲਕੇ,
ਮੈਨੂੰ ਭੀ ਲਿਖੀ ਢੀਨੀ ਉਦੇ ਸਾਹਿਬਾ, ਤੂੰ ਵੀ
ਸੈਰ ਨਾ ਕਰਸੇਂ ਸੱਤਰ ਬਾਜ਼ਾਰ ਦੇ ਬਘੀ ਤੇ ਚੜ੍ਹ ਕੇ,
ਬਰਕਲੀ ਮੋਏ ਦੀਆਂ ਖਬਰਾਂ ਨੰਦਣ ਪਹੁੰਚੀਆਂ ਤੇ ਉਠੇ ਈ ਫਿਰ ਢਾਂਡ ਬਲਕੇ,
ਬਰਕਲੀ ਨੂੰ ਰੋਂਦੀਆਂ ਈਂ ਮੇਮੇ ਗੋਰੀਆਂ ਚਾਅ ਬਾਹੀਂ ਖਲੀਆਂ ਕਰ ਕੇ।

**ਅਰਥਾਤ–**

ਅਹਿਮਦ ਦੀ ਤਲਵਾਰ ਅਹਿਰਣ ਤੇ ਧਰ ਕੇ, ਵਧੀਆ ਬਣਾਈ ਗਈ ਹੈ। ਉਹ ਦੂਜੀਆਂ ਤਲਵਾਰਾਂ ਨਾਲੋਂ ਮੁੰਨਾ ਹੱਥ ਲੰਮੀ ਹੈ। ਸੈਦ ਹਬੂਲ (ਅਹਿਮਦ ਖਰਲ) ਨੇ ਫੜੀ ਹੋਈ ਸੀ। ਮਿਆਨ ਵਿਚੋਂ ਨਿਕਲਦੀ ਇੰਜ ਲੱਗੀ ਜਿਵੇਂ ਨਦੀ ਚੋਂ ਮੱਛੀ ਪਾਣੀਉਂ ਉੱਪਰ ਨੂੰ ਆਉਂਦੀ ਹੈ। ਉਸ ਨੇ ਪੂਰਾ ਜ਼ੋਰ ਲਾ ਕੇ ਅੰਗਰੇਜ਼ ਨੂੰ ਮਾਰੀ ਤੇ ਉਸਦਾ ਜਿਸਮ ਚੀਰ ਕੇ ਸੁਟ ਗਈ। ਫਿਰ ਅਹਿਮਦ ਕਹਿੰਦਾ ਹੈ ਕਿ "ਜੋ ਮੇਰੀ ਤਕਦੀਰ ਲਿਖੀ ਹੈ, ਮੈਨੂੰ ਮਿਲ ਜਾਣੀ ਹੈ, ਪਰ ਤੂੰ ਵੀ ਬਰਕਲੇ ਸਾਹਿਬ ਬਘੀ ਤੇ ਚੜ੍ਹ ਕੇ ਇਸ ਸਦਰ ਬਾਜ਼ਾਰ ਦੀ ਸੈਰ ਹੁਣ ਨਹੀਂ ਕਰ ਸਕੇਂਗਾ। ਜਦ ਮਰੇ ਬਰਕਲੇ ਦੀਆਂ ਖ਼ਬਰਾਂ ਲੰਡਨ ਪਹੁੰਚੀਆਂ ਤਾਂ ਉਥੇ ਹਾਹਾਕਾਰ ਮੱਚ ਗਈ। ਬਰਕਲੇ ਨੂੰ ਅੰਗਰੇਜ਼ ਮੇਮਾਂ ਬਾਹੀਂ ਉਚੀਆਂ ਕਰ ਕਰ ਕੇ, ਭਾਵ ਵੈਣ ਪਾ ਪਾ ਮਾਤਮ ਕਰਦੀਆਂ ਹਨ ਤੇ ਉੱਚੀ ਉੱਚੀ ਰੋ ਰਹੀਆਂ ਹਨ।

## ਹਵਾਲੇ ਤੇ ਫੁੱਟਨੋਟ

੧. ਜੇ ਰਾਣੀ ਨੇ ਖਾਲਸਾ ਫ਼ੌਜ ਨੂੰ ਤਬਾਹ ਕਰਨ ਲਈ ਅੰਗਰੇਜ਼ ਦੇ ਗਲ ਪੁਆ ਕੇ, ਜੰਗ ਵਿਚ ਫਸਾ ਕੇ ਮਗਰੋਂ ਬਾਰੂਦ ਦੀ ਥਾਂ ਸਰ੍ਹੋਂ ਘਲੀ ਮੰਨ ਲਈ ਜਾਵੇ ਤਾਂ ਮਿਸਰ ਤੇਜਾ ਸਿੰਘ ਦੀ ਗ਼ੱਦਾਰੀ ਤੇ ਨਮਕ-ਹਰਾਮੀ ਨੇ ਤਾਂ ਉਸ ਤਬਾਹੀ ਲਈ ਬੜੀ ਵੱਡੀ ਭੂਮਿਕਾ ਨਿਭਾਈ ਸੀ। ਫਿਰ ਤਾਂ ਦੋਹਾਂ ਦਾ ਨਿਸ਼ਾਨਾ ਇਕੋ ਹੀ ਸੀ। ਤੇਜਾ ਸਿੰਘ ਨੇ ਤਾਂ ਰਾਣੀ ਦੇ ਦਿਲ ਦੀ ਕੀਤੀ। ਫਿਰ ਰਾਣੀ ਨੇ ਮ: ਦਲੀਪ ਸਿੰਘ ਨੂੰ ਤਿਲਕ ਲਾਉਣ ਤੋਂ ਕਿਉਂ ਰੋਕਿਆ। ਇਸ ਦੇ ਹੁੰਦਿਆਂ ਕਿਸ ਦਲੀਲ ਜਾਂ ਸਬੂਤ ਦੀ ਲੋੜ ਰਹਿ ਜਾਂਦੀ ਹੈ ਕਿ ਬਾਰੂਦ ਦੀ ਥਾਂ ਸਰ੍ਹੋਂ ਘਲਾਉਣ ਵਾਲੇ ਕੌਣ ਸਨ। ਇਨ੍ਹਾਂ ਪਾਪੀਆਂ ਦੇ ਘਿਨਾਉਣੇ ਚਿਹਰੇ ਸਪੱਸ਼ਟ ਨਜ਼ਰ ਆਉਂਦੇ ਹਨ।

੨. ਇਹ ਅਸਲ ਚਿੱਠੀ ਖਾਲਸਾ ਕਾਲਜ ਅੰਮ੍ਰਿਤਸਰ ਸਾਹਿਬ ਦੀ ਲਾਇਬਰੇਰੀ ਵਿਚ ਸੁਰੱਖਿਅਤ ਹੈ। ਚਿੱਠੀ ਦੀ ਨਕਲ ਇਸ ਪ੍ਰਕਾਰ ਹੈ–



www.AKJ.Org

ਲਿਖਤਮ ਬੀਬੀ ਸਾਹਿਬ, ਆਲਾਗਨਿ ਸਾਹਿਬ ਯੋਗ ਰੋਬਕਾਰੀ ! ਅਸਾਂ ਅਪਣਾ ਸਿਰ ਤੁਹਾਡੇ ਹਵਾਲੇ ਕੀਤਾ ਸੀ, ਤੁਸਾਂ ਨਮਕ ਹਰਾਮਾਂ ਦੇ ਪੈਰਾਂ ਵਿੱਚ ਦੇ ਦਿੱਤਾ ਸੁ । ਤੁਸਾਂ ਸਾਡੀ ਮੁਨਸਬੀ ਨਾ ਪਾਈ । ਤੁਹਾਨੂੰ ਜੋ ਚਾਹੀਦਾ ਸੀ, ਜੋ ਦਰਿਆਫਤੀ ਕਰਕੇ ਜੋ ਸਾਡੇ ਜ਼ਿੰਮੇ ਲਗਦਾ ਸੋ ਲਾਂਦੇ, ਨਿਮਕ ਹਰਾਮਾਂ ਦੇ ਕਹੇ ਨਹੀਂ ਸੀ ਲਾਣਾ । ਤੁਸਾਂ ਵੱਡੇ ਮਹਾਰਾਜ ਦੀ ਦੋਸਤੀ ਵਲ ਬੀ ਨਹੀਂ ਡਿਠਾ । ਤੁਸਾਂ ਮੇਰੀ ਅਬਰੋ ਲੋਕਾਂ ਤੋਂ ਲੁਹਾਈ ਏ, ਤੁਸਾਂ ਕਰਾਰ ਨਾਵੇਂ ਤੇ ਐਦੂਨਾਵੇਂ ਉਪਰ ਬੀ ਕੁਝ ਅਮਲ ਨਹੀਂ ਕੀਤਾ । ਰਾਜਾ ਲਾਲ ਸਿੰਘ ਮੇਰਾ ਮੁਹਤਬ੍ਰਿ ਸੀ ਤੇ ਖੈਰ-ਖਾ ਤੁਸਾਂ ਤਕਸੀਰ ਕਰਕੇ ਭੇਜ ਦਿਤਾ ਤਾਂ ਅਸਾਂ ਕੁਝ ਨਹੀਂ ਆਖੇਆ । ਸਾਡੇ ਦਿਲ ਵਿਚ ਇਹ ਗੱਲ ਸੀ ਜੋ ਆਪ ਸਾਹਿਬ ਸਾਡੇ ਪਾਸ ਨੇ, ਸਾਨੂੰ ਡਰ ਕਿਸ ਦਾ ਹੈ ।

ਸਾਨੂੰ ਇਸ ਗੱਲ ਦੀ ਖਬਰ ਨਹੀਂ ਸੀ ਝੂਠੀਆਂ ਗੱਲਾਂ ਸਾਡੇ ਜ਼ਿੰਮੇ ਲਾ ਕੈਦ ਚਹਾ ਕੀਤਾ । ਕੋਈ ਸਾਡੀ ਲਿਖਤ ਦਸੋ ਵ ਕੁਝ ਸਾਡੇ ਜ਼ਿੰਮੇ ਲਾਉ ਆ ਫੇਰ ਜੋ ਤੁਹਾਤੀ ਮਰਜੀ ਹੁੰਦੀ ਸੋ ਕਰਦੇ, ਇਕ ਮੈਂ ਤੇ ਇਕ ਮਹਾਰਾਜ ਤੇ ਬਾਈ ਟਹੇਲਣਾਂ ਅਸੀਂ ਸਮਣ ਵਿਚ ਕੈਦ ਵਾਂ ਹੋਰ ਸਭ ਨੌਕਰ ਕਢ ਦਿਤੇ ਹਨ । ਅਸੀਂ ਬਹੁਤ ਲਾਚਾਰ ਹੋਏ ਆਂ । ਪਾਣੀ ਤੇ ਰੋਟੀ ਬੀ ਨਹੀਂ ਆਉਣ ਦੇਂਦਾ । ਇਸ ਤਰੇ ਜੋ ਸਾਨੂੰ ਤੰਗ ਕਰਦੇ ਹੋ ਏਸ ਗੱਲ ਕੋਲੋਂ ਫਾਂਸੀ ਲਗਾ ਦੇਉ । ਜੇ ਤੁਸਾਂ ਸਾਡੀ ਅਦਾਲਤ ਕੀਤੀ ਤਾਂ ਅੱਛੀ ਗਲ, ਨਹੀਂ ਤਾਂ ਨੰਦਨ ਸਜ਼ਾ ਵਿਚ ਫਰਆਦ ਕਰਾਂਗੇ । ਹੋਰ ਜਿਹੜਾ ਡੂਡੇ ਲਖ ਲਾਏਆ ਸੀ, ਉਹ ਬੀ ਨਹੀਂ ਕਿਸੇ ਦਿਤਾ, ਹੋਰ ਜੇਹੜਾ ਚਹੁ ਮਹੀਨੇਆਂ ਦੇ ਵਿਚ ਖਰਚ ਕੀਤਾ ਸੀ ਇਕਵੰਜਾ ਹਾਜਰ (ਹਜ਼ਾਰ) ਸੋ ਗੈਹਣੇ ਵੇਚ ਮਿਸਰ ਮੇਗਾ ਰਾਮ ਨੂੰ ਦੇ ਦਿਤਾ ਏ । ਕਿਸੇ ਕੋਲ ਕੁਝ ਮੰਗਦੇ ਨਹੀਂ ਸਾਂ, ਅਪਣੇ ਗਿਹੇਣੇ ਵੇਚ ਕੇ ਗੁਜ਼ਰ ਨ ਕਰਦੇ ਸਾਂ, ਬੇਨਹਕ ਸਾਡੀ ਆਬਰੋ ਕਿਉਂ ਲਾਹੀ । ਮੰਗਲਾ ਕੀ ਤਕਸੀਰ ਕੀਤੀ ਉਨੂੰ ਬੀ ਕਡ ਦਿਤਾ । ਅੱਜ ਮਹਾਰਾਜ ਸਾਡੇ ਪਾਸ ਆ ਕੇ ਬਹੁਤ ਰੋਂਦੇ ਰਹੇ ਨੇ, ਆਖਣ ਲਗੇ ਸਾਨੂੰ ਬਿਛਨ ਸਿੰਘ ਤੇ ਗੁਲਾਬ ਸਿੰਘ ਡਰਾਂਦੇ ਨੇ, ਜੇ ਤਾਂ ਮਹਾਰਾਜ ਨੂੰ ਡਰ ਨਾਲ ਕੁਝ ਹੋ ਗਿਆ ਤਾਂ ਫਿਰ ਮੈਂ ਕੀ ਕਰਾਂਗੀ । ਏਨਾਂ ਉਨ੍ਹਾਂ ਨੂੰ ਆਖੇਆ ਨੇ ਤੁਹਾਨੂੰ ਸਾਹਬ ਦਾ ਹੁਕਮ ਹੈ ਜੋ ਛਾਲਾ ਬਾਗ ਜਾ ਕੇ ਉਤਰ, ਉਹ ਸੁਣ ਕੇ ਤੇ ਬਹੁਤ ਰੋਂਦੇ ਰਹੇ । ਏ ਜੇੜੀਆਂ ਗਲਾਂ ਸਾਡੇ ਨਾਲ ਕਰਦੇ ਹੋ, ਕਿਸੇ ਰਜਵਾੜੇ ਵਿਚ ਨਹੀਂ ਹੋਈਆਂ, ਤੁਸੀਂ ਕੁਝੇ (ਗੁਝੇ) ਰਾਜ਼ ਕਿਉਂ ਸਾਂਬਦੇ ਉ, ਜਾਰਾ (ਜ਼ਾਹਰ) ਹੋ ਕੇ ਕਿਉਂ ਨਹੀਂ ਕਰਦੇ । ਨਾਲੇ ਵਿਚ ਦੋਸਤੀ ਦਾ ਹਰਫ ਰਖਦੇ ਉ । ਮੇਰੀ ਅਦਾਲਤ ਕਰੋਉ ਨਹੀਂ ਤਾਂ ਨੰਦਣ (ਲੰਡਨ) ਫਿਰਆਦ ਕਰਾਂਗੀ । ਤਿਨੂੰ ਚਉਂ ਨਿਮਕ ਹਰਾਮਾਂ ਨੂੰ ਰਖ ਲਉ, ਹੋਰ ਸਾਰੀ ਪੰਜ਼ਾਬ ਨੂੰ ਕਤਲ ਕਰਾ ਦਿਉ, ਇਨਾਂ ਦੇ ਆਖੇ ਲੱਗ ਕੇ ਤੇ ।"

[ਮੋਹਰ] ਅਕਾਲ ਸਹਾਇ

---

## ਭਾ: ਸਾ: ਭਾ: ਰਣਧੀਰ ਸਿੰਘ ਪਾਠ ਉਤਸ਼ਾਹਤ ਸਕੀਮ, ਲੁਧਿਆਣਾ

੨੫ ਜਾਂ ੨੫ ਸਾਲ ਤੋਂ ਘਟ ਉਮਰ ਦੇ ਅੰਮ੍ਰਿਤਧਾਰੀ ਬੱਚੇ ਉਕਤ ਪ੍ਰੀਖਿਆ ਵਾਸਤੇ ਦਰਖ਼ਾਸਤਾਂ ਦੇ ਸਕਦੇ ਹਨ, ਜੋ ਪ੍ਰਤੀ ਘੰਟਾ ੩੦ ਪੰਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜੀਵਾਰ ਸਰੂਪ ਤੋਂ ਪਾਠ ਕਰ ਸਕਦੇ ਹੋਣ ਅਤੇ ਪਾਠ ਕਰਨ ਦੇ ਗੁਣ ਨੂੰ ਕਮਾਈ ਦੇ ਤੌਰ ਤੋਂ ਨਾ ਵਰਤਦੇ ਹੋਣ । ਪ੍ਰਾਰਥਨਾ-ਪੱਤ੍ਰ ਫ਼ਾਰਮ ਪ੍ਰਾਰਥਕ ੧੯ ਜਨਵਰੀ ੧੯੯੪ ਨੂੰ ਹੀ ਉਥੋਂ ਲੈ ਕੇ ਅਤੇ ਪੁਰ ਕਰ ਕੇ ੩ ਵਜੇ ਬਾਅਦ ਦੁਪਹਿਰ ਪ੍ਰੀਖਿਆ ਵਾਸਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਦੇ ਉਪਰਲੇ ਹਾਲ ਵਿਚ ਪੁੱਜ ਜਾਣ ।

—ਸਕੱਤ੍ਰ ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ



www.AKJ.Org

# ਬਣ ਕੇ ਪੀਰਾਂ ਦਾ ਪੀਰ ਆਇਆ ਹੈ

[ਸ: ਸੁਰਜੀਤ ਸਿੰਘ 'ਸਾਜਨ', ਲੁਧਿਆਣਾ]

ਅੱਜ ਪੀਰ ਭੀਖਣ ਸ਼ਾਹ, ਮਗਰਬ ਦੀ ਥਾਂ, ਮਸ਼ਰਕ ਵੱਲ ਸਿਜਦਾ ਕਰ ਰਿਹਾ ਹੈ।
ਕੁਝ ਅਨੋਖਾ ਵਾਪਰਿਆ ਹੈ, ਉਸ ਦਾ ਚਿਹਰਾ ਇਸ ਦਾ ਜ਼ਿਕਰ ਕਰ ਰਿਹਾ ਹੈ।
ਮੁਰਸ਼ਦ ਪੁੱਛਣ ਲੱਗੇ ਹਨ, ਪੀਰ ਜੀ, ਕੀ ਅੱਜ ਤੁਸੀਂ ਕਾਫ਼ਰ ਹੋ ਗਏ ਹੋ?
ਮਸ਼ਰਕ ਵੱਲ ਸਿਰ ਝੁਕਾਈ ਜਾਂਦੇ ਹੋ, ਕੀ ਦੀਨ ਤੋਂ ਮੁਨੱਕਰ ਹੋ ਗਏ ਹੋ?
ਪੀਰ ਜੀ ਨੇ ਹੱਸ ਕਿਹਾ, ਜਿਸ ਦਾ ਮੈਂ ਮੁਤਲਾਸ਼ੀ, ਉਹ ਆਲਮਗੀਰ ਆਇਆ ਹੈ।
ਅੱਲਾ ਤਾਲਾ ਖ਼ੁਦ ਮਸ਼ਰਕ ਦੀ ਤਰਫ਼ ਅੱਜ, ਬਣ ਕੇ ਪੀਰਾਂ ਦਾ ਪੀਰ ਆਇਆ ਹੈ।
ਹੈ ਦੁਖੀਆਂ ਦਾ ਦਰਦੀ, ਮਜ਼ਲੂਮਾਂ ਦਾ ਰਾਖਾ, ਇਹ ਸਾਰੀ ਖ਼ਲਕਤ ਦੇ ਦੁਖੜੇ ਹਰੇਗਾ।
ਮਨੁੱਖਤਾ ਦੀ ਭਲਾਈ ਹੈ ਮਿਸ਼ਨ ਇਸ ਦਾ, ਦੁਨੀਆ ਦੇ ਸੁਖ ਲਈ ਸਿਤਮ ਖ਼ੁਦ ਜਰੇਗਾ।
ਇਹ ਨੀਚਾਂ ਦਾ ਦੋਸਤ ਤੇ ਕਿਰਤੀਆਂ ਦਾ ਰਾਖਾ, ਮੁਨਸਫ਼ ਬਣ ਕੇ ਇਨਸਾਫ਼ ਇਹ ਕਰੇਗਾ।
ਜੀਵਨ ਦੀ ਬਾਜ਼ੀ ਲਾਉਣੋਂ ਗੁਰੇਜ਼ ਨਹੀਂ ਹੈ, ਲੋੜ ਪਈ ਤਾਂ ਮੌਤ ਨੂੰ ਵਰੇਗਾ।
ਇਹ ਮੰਝਧਾਰਾਂ ਵਿਚੋਂ ਕੱਢਣ ਲਈ ਮਲਾਹ ਬਣੇਗਾ, ਸੰਸਾਰ-ਸਾਗਰ ਤੋਂ ਹਰ ਕੋਈ ਤਰੇਗਾ।
ਉਸ ਨੇ ਸੱਭ ਨੂੰ ਬਰਾਬਰੀ ਦਾ ਸਬਕ ਹੈ ਸਿਖਾਉਣਾ, ਨਾ ਕੋਈ ਡਰਾਏਗਾ, ਨਾ ਕੋਈ ਡਰੇਗਾ।
ਆਓ ਸਾਰੇ ਚਲੀਏ ਪਟਨੇ ਦੀ ਧਰਤ ਤੇ, ਉਸ ਮਾਲਕ ਦਾ ਦਰਸ ਪਾਣ ਚੱਲਿਆ ਹਾਂ।
ਮੇਰੀ ਦਿਬ-ਦ੍ਰਿਸ਼ਟੀ ਨੇ ਜਿਵੇਂ ਵੇਖਿਆ ਹੈ, ਉਸੇ ਰੂਪ ਵਿਚ ਉਸ ਨੂੰ ਅਜ਼ਮਾਣ ਚੱਲਿਆ ਹਾਂ।
ਇਹ ਪੀਰ ਸਾਂਝਾ ਹਿੰਦੂਆਂ ਮੋਮਨਾਂ ਦਾ, ਇਹ ਗੱਲ ਦੁਨੀਆ ਨੂੰ ਸਮਝਾਣ ਚੱਲਿਆ ਹਾਂ।
ਦੋ ਮਿੱਟੀ ਦੇ ਕੁੱਜੇ ਲੈ ਆਓ ਨਾਲ ਆਪਣੇ, ਉਸ ਦਾ ਰੂਪ ਅਸਲੀ ਵਿਖਾਣ ਚੱਲਿਆ ਹਾਂ।
ਤਹਿ ਕਰ ਕੇ ਫ਼ਾਸਲੇ ਠਸਕੇ ਤੋਂ ਮਿੱਤਰੋ, ਪਟਨੇ ਦੀ ਮਿੱਟੀ ਮੱਥੇ ਲਾਣ ਚੱਲਿਆ ਹਾਂ।
ਸੱਚ ਦੇ ਸੂਰਜ ਤੋਂ ਕਿਰਨ ਰੌਸ਼ਨੀ ਦੀ ਲੈ, ਹਨੇਰੀ ਦੁਨੀਆ ਰੁਸ਼ਨਾਣ ਚੱਲਿਆ ਹਾਂ।
ਸੂਰਜਾਂ ਦੇ ਸੂਰਜ, ਤਪ ਤੇਜ਼ ਵਾਲੇ ਮੁੱਖੜੇ ਨੇ, ਅੰਦਰ ਪੀਰ ਦਾ ਰੌਸ਼ਨ ਕਰ ਦਿੱਤਾ।
ਭਰਮ ਦੇ ਹਨੇਰੇ ਸਾਰੇ ਦੂਰ ਹੋ ਗਏ, ਸਭ ਸ਼ੰਕਿਆਂ ਨੂੰ ਦੂਰ ਕਰ ਦਿੱਤਾ।
ਗਦ-ਗਦ ਹੋ ਗਈ ਪਿਆਸੀ ਆਤਮਾ ਜੋ, ਸੀਸ, ਪੀਰ ਸਿਜਦੇ ਵਿਚ ਧਰ ਦਿੱਤਾ।
ਦੋਹਾਂ ਕੁਜਿਆਂ ਤੇ ਦੋ ਬਾਲ ਹੱਥ ਧਰ ਕੇ; ਸਾਂਝਾ ਪੀਰ ਹਾਂ, ਸਾਬਤ ਕਰ ਦਿੱਤਾ।
ਬਹਿ ਗਿਆ ਬਗਲੀ ਧਰ ਕੇ ਪੀਰ ਪਟਨੇ 'ਚਿ ਦਾਤੇ ਨਾਲ ਰਹਿਮਤਾਂ ਭਰ ਦਿੱਤਾ।
"ਸਾਜਨ" ਨੂੰ ਮੰਜ਼ਿਲ ਮਿਲ ਗਈ ਹੈ, ਬਣ ਗਿਆ ਹੈ ਪੱਕਾ ਮੁਰੀਦ ਤੇਰਾ।
ਰਾਜ ਭਾਗ ਤੇ ਮੁਕਤ ਦੀ ਲੋੜ ਨਾਹੀ, ਇਹਨਾਂ ਦੀਦਿਆਂ ਨੂੰ ਹੁੰਦਾ ਰਹੇ ਦੀਦ ਤੇਰਾ।

---

# ਰਾਗਮਾਲਾ ਬਾਰੇ ਵਿਚਾਰ

ਰਾਗਮਾਲਾ ਦੀ ਅਸਲੀਅਤ ਨੂੰ ਸਮਝਣ ਲਈ ਇਸ ਟ੍ਰੈਕਟ ਵਿਚਲੇ ਦਿਤੇ ਭਾਈ ਕਾਨ੍ਹ ਸਿੰਘ ਜੀ ਨਾਭਾ, ਪ੍ਰੋ: ਪਿਆਰਾ ਸਿੰਘ ਜੀ ਪਦਮ, ਭਾ: ਸਾ: ਰਣਧੀਰ ਸਿੰਘ ਜੀ, ਸ: ਸ਼ਮਸ਼ੇਰ ਸਿੰਘ ਅਸ਼ੋਕ, ਵੈਦਰਾਜ ਗਿ: ਅਰਜਨ ਸਿੰਘ ਜੀ ਅਤੇ ਹੋਰ ਵਿਦਵਾਨਾਂ ਦੇ ਖੋਜ-ਪੂਰਤ ਵਿਚਾਰ ਪੜ੍ਹੋ। ਇਨ੍ਹਾਂ ਲੇਖਾਂ ਨੂੰ ਪੜ੍ਹ ਕੇ ਇਹ ਤੱਥ ਸਪੱਸ਼ਟ ਤੌਰ ਤੇ ਉਘੜ ਆਉਂਦਾ ਹੈ ਕਿ 'ਰਾਗਮਾਲਾ ਗੁਰਬਾਣੀ ਹੈ' ਜਾਂ ਨਹੀਂ। ਇਸ ਨੂੰ ਆਪ ਪੜ੍ਹੋ ਅਤੇ ਹੋਰਨਾਂ ਵੀਰਾਂ ਭੈਣਾਂ ਨੂੰ ਪੜ੍ਹਾਓ। ਭੇਟਾ ਕੇਵਲ ੧-੫੦



www.AKJ.Org

# ਦੁਬਿਧਾ ਦੂਰ ਹੋ ਗਈ

ਜਿਨ੍ਹਾਂ ਪੁਰਾਤਨ ਸਿੰਘਾਂ ਨੇ 5-12-93 ਦੀ ਮੀਟਿੰਗ ਅੰਮ੍ਰਿਤਸਰ ਬੁਲਾਈ ਸੀ, ਉਨ੍ਹਾਂ ਵਲੋਂ 5-1-94 ਨੂੰ ਭਾਈ ਰਣਧੀਰ ਸਿੰਘ ਅਕੈਡਮੀ ਲੁਧਿਆਣਾ ਵਿਖੇ ਪੰਚਾਇਣ ਰੂਪ ਵਿਚ ਸਮਾਗਮ ਰਚਿਆ ਗਿਆ, ਜਿਸ ਵਿਚ ਜਥੇਦਾਰ ਸਾਹਿਬ, ਮੀਤ ਜਥੇਦਾਰ ਅਤੇ ਸਲਾਹਕਾਰ ਬੋਰਡ ਦੇ ਸਾਰੇ ਮੈਂਬਰਾਂ ਨੂੰ ਤਲਬ ਕੀਤਾ ਗਿਆ। ਉਸ ਵਿਚ ਪੰਚਾਇਣ ਵਲੋਂ ਹੇਠ ਲਿਖਿਆ ਫ਼ੈਸਲਾ ਦਿਤਾ ਗਿਆ–

"ਅੱਜ ਮਿਤੀ 5-1-94 ਨੂੰ ਲੁਧਿਆਣਾ ਵਿਖੇ ਅਖੰਡ ਕੀਰਤਨੀ ਜਥੇ ਦੇ ਪੰਜ ਪਿਆਰਿਆਂ ਦਾ ਸਮਾਗਮ, ਜਥੇ ਵਿਚ ਪਈ ਦੁਬਿਧਾ ਨੂੰ ਦੂਰ ਕਰਨ ਲਈ ਹੋਇਆ। ਉਸ ਵਿਚ ਜਥੇਦਾਰ ਸਾਹਿਬ ਭਾਈ ਰਾਮ ਸਿੰਘ ਜੀ ਨੇ ਹਾਜ਼ਰ ਹੋ ਕੇ ਆਪਣਾ ਸਪੱਸ਼ਟੀਕਰਨ ਦਿਤਾ ਅਤੇ ਵਚਨ ਦਿਤਾ ਕਿ ਜਥੇ ਨਾਲ ਸੰਬੰਧਤ ਸਾਰੇ ਮਹੱਤਵ-ਪੂਰਨ ਕਾਰਜਾਂ ਵਿਚ ਅਗੇ ਤੋਂ ਪੁਰਾਤਨ ਸੂਝਵਾਨ ਗੁਰਸਿੱਖਾਂ ਦੀ ਰਾਏ ਬਗੈਰ ਕੋਈ ਫ਼ੈਸਲਾ ਨਹੀਂ ਕਰਨਗੇ।

ਪੰਜਾਂ ਪਿਆਰਿਆਂ ਵਲੋਂ ਮੌਜੂਦਾ ਸਲਾਹਕਾਰ ਬੋਰਡ ਭੰਗ ਕਰ ਦਿਤਾ ਗਿਆ ਹੈ।

ਜਥੇਦਾਰ ਸਾਹਿਬ ਦਾ ਸਪੱਸ਼ਟੀਕਰਨ ਸੁਣ ਕੇ ਅਤੇ ਉਹਨਾਂ ਵਲੋਂ ਦਿਤੇ ਵਚਨ ਦੇ ਅਧਾਰ ਤੇ ਪੰਜਾਂ ਪਿਆਰਿਆਂ ਨੇ ਸਭਨਾਂ ਨੂੰ ਦੁਬਿਧਾ ਦੂਰ ਕਰਨ ਦਾ ਆਦੇਸ਼ ਦਿਤਾ ਅਤੇ ਸਾਰਿਆਂ ਨੇ ਉਹਨਾਂ ਦੇ ਹੁਕਮ ਅਗੇ ਸਿਰ ਨਿਵਾ ਦਿਤਾ।

ਹੁਕਮ ਹੋਇਆ ਕਿ ਅਗੇ ਤੋਂ ਅਖੰਡ ਕੀਰਤਨੀ ਜਥੇ ਸੰਬੰਧੀ ਕੋਈ ਬਿਆਨ ਜਾਂ ਖ਼ਬਰ ਅਖ਼ਬਾਰਾਂ (ਪ੍ਰੈਸ) ਨੂੰ ਦੇਣ ਦਾ ਕਿਸੇ ਨੂੰ ਹੱਕ ਹਾਸਲ ਨਹੀਂ।"

ਸਹੀ–ਬਲਬੀਰ ਸਿੰਘ, ਹਰਿਚਰਨ ਸਿੰਘ (ਚੰਡੀਗੜ੍ਹ), ਹਰਚਰਨ ਸਿੰਘ (ਅੰਬਾਲਾ ਛਾ:)
ਤਾਰਾ ਸਿੰਘ (ਲੁਧਿਆਣਾ), ਜੋਧ ਸਿੰਘ (ਦਿਲੀ)।

---

## ਮੇਰੇ ਹੈ ਅਵਗੁਨ

ਤੋ ਸੋ ਨ ਨਾਥੁ, ਅਨਾਥ ਨ ਮੋ ਸਰਿ, ਤੋ ਸੋ ਨ ਦਾਨੀ ਨ ਮੋ ਸੋ ਭਿਖਾਰੀ ॥
ਮੋ ਸੋ ਨ ਦੀਨੁ, ਦਇਆਲੁ ਨ ਤੋ ਸਰਿ, ਮੋ ਸੋ ਅਗਿਆਨੁ ਨ ਤੋ ਸੋ ਬਿਚਾਰੀ ॥
ਮੋ ਸੋ ਨ ਪਤਿਤ, ਨ ਪਾਵਨ ਤੋ ਸਰਿ, ਮੋ ਸੋ ਬਿਕਾਰੀ ਨ ਤੋ ਸੋ ਉਪਕਾਰੀ ॥
ਮੇਰੇ ਹੈ ਅਵਗੁਨ, ਤੂ ਗੁਨ ਸਾਗਰ, ਜਾਤ ਰਸਾਤਲ ਓਟ ਤਿਹਾਰੀ ॥੫੨੮॥ [ਭਾ: ਗੁਰਦਾਸ ਜੀ

## ਸੋਈ ਕਹੀਐ ਸੂਰਾ

[ਭਾਈ ਅਮਰੀਕ ਸਿੰਘ ਜੀ, ਬਰਨਾਲਾ (ਅੰਬਾਲਾ)

ਰੰਗ ਹਰੀ ਦਾ ਜਿਸਨੂੰ ਲਗਿਆ, ਸੋਈ ਕਹੀਐ ਸੂਰਾ।
ਚੁਰਾਸੀ ਦੇ ਗੇੜ ਤੋਂ ਬਚਦਾ, ਸਤਿਗੁਰ ਜਿਸਦਾ ਪੂਰਾ।
ਸਾਸ ਸਾਸ ਜੋ ਹਰਿ ਆਰਾਧੇ, ਤਿਸ ਚਿੰਤ ਨ ਰਹੈ ਵਿਸੂਰਾ।
ਗੁਰ-ਦੀਖਿਆ ਲੈ ਸਰਣ ਰਹੈ, ਤਿਸ ਭੋਜਨ ਕੀਰਤਨ ਚੂਰਾ।
ਜੋ ਸੇਵਕ ਗੁਰ-ਬੋਹਿਥ ਚੜ੍ਹੈ, ਰਹੈ ਨ ਕਬਹੂੰ ਊਰਾ।
ਗੁਰਬਾਣੀ ਮੁਖ ਤੇ ਸਦ ਉਚਰੈ, ਲਗੈ ਨ ਕਬਹੂੰ ਝੂਰਾ।
ਰਸ ਕਸ ਤਿਆਗ ਬਿਬੇਕ ਧਾਰੈ, ਹਰਿ-ਰਸ ਰਤਾ ਰਹੈ ਭਰਪੂਰਾ।
ਸਫਲ ਜਨਮ ਭਗਤੀ ਲਗ ਹੋਵੈ, ਤਿਸ ਬਿਨ ਜਗ ਹੈ ਬਉਰਾ।
ਤੋਹਿ ਦਰਸ ਬਿਨ ਚੈਨ ਨ ਆਵੈ, ਟਿਕੈ ਨ ਇਹ ਮਨ ਮੋਰਾ।
ਦਇਆ ਕਰਹੁ ਪ੍ਰਭ ਬਖਸ਼ ਲੇਹੁ, 'ਗ਼ਰੀਬ' ਸੇਵਕ ਇਹ ਤੋਰਾ।

www.AKJ.Org

# ਲੁਧਿਆਣਾ ਵਿਖੇ ਦਸਮੇਸ਼ ਪ੍ਰਕਾਸ਼-ਉਤਸ਼ਵ ਸਮਾਗਮ

## 17 ਜਨਵਰੀ 1994 ਸੋਮਵਾਰ ਸਵੇਰ ਤੋਂ 20 ਜਨਵਰੀ 1994 ਵੀਰਵਾਰ ਸਵੇਰ ਤਕ

ਅਖੰਡ ਕੀਰਤਨੀ ਜਥਿਆਂ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼-ਉਤਸ਼ਵ-ਗੁਰਪੁਰਬ ਸਦਾ ਵਾਂਗ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ ।

**17-1-94** ਸਵੇਰੇ **5-00** ਤੋਂ **7-30** ਆਸਾ ਦੀ ਵਾਰ, ਉਪਰੰਤ ਅਰੰਭ ਸ੍ਰੀ ਅਖੰਡਪਾਠ — ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ

ਸ਼ਾਮ **5-30** ਤੋਂ **8-30** ਅਖੰਡ ਕੀਰਤਨ — ,, ,, ,,

**18-1-94** ਸਵੇਰੇ **6-00** ਤੋਂ **12-00** ਅਖੰਡ ਕੀਰਤਨ ਭਾ ਸਾ: ਰਣਧੀਰ ਸਿੰਘ ਟ੍ਰਸਟ,ਐਫ਼ ਬਲਾਕ, ਭਾਈ ਰਣਧੀਰ ਸਿੰਘ ਨਗਰ

ਸ਼ਾਮ **5-30** ਤੋਂ **8.30** ਅਖੰਡ ਕੀਰਤਨ — ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ

**19-1-94** ਸਵੇਰੇ **6** ਵਜੇ ਭੋਗ ਅਖੰਡ ਪਾਠ, ਉਪਰੰਤ ਕੀਰਤਨ ਦੁਪਹਿਰ ਤਕ, ਸ਼ਾਮ ਨੂੰ ਅੰਮ੍ਰਿਤ ਸਿੰਚਾਰ,

ਸ਼ਾਮ **6-30** ਰੈਣ ਸਬਾਈ ਕੀਰਤਨ ਅਰੰਭ — **20** ਜਨਵਰੀ **1994** ਸਵੇਰੇ **6** ਵਜੇ ਸਮਾਪਤੀ

ਨੋਟ—**1)** ਕੀਰਤਨ-ਅਸਥਾਨ ਤੇ ਰਿਹਾਇਸ਼ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ । 2) ਬਿਸਤਰੇ ਜ਼ਰੂਰ ਲਿਆਓ ਜੀ।

ਦਰਸ਼ਨ ਅਭਿਲਾਖੀ ਦਾਸਰੇ—ਅਖੰਡ ਕੀਰਤਨੀ ਜਥਾ ਲੁਧਿਆਣਾ

---

**ਮਾਸਕ ਰੈਣ ਸਬਾਈ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਸਮਰਾਲਾ (ਲੁਧਿਆਣਾ) 8 ਜਨਵਰੀ ਫਜ਼ੂਪੁਰ (ਧਾਰੀਵਾਲ) ਸਕੂਲ ਵਾਲੀ ਗਲੀ, ਬੀਬੀ ਹਰਜਿੰਦਰ ਕੌਰ, ਰੈਣ ਸਬਾਈ 15 ਜਨਵਰੀ ਅਲਗੋ ਕੋਠੀ (ਅੰਮ੍ਰਿਤਸਰ) ਭਾ: ਹਰਦੀਪ ਸਿੰਘ, ਭੋਗ ਸ੍ਰੀ ਅਖੰਡ ਪਾਠ ਤੇ ਕੀਰਤਨ, 16 ਜਨਵਰੀ ਸਿਰਹਾਲਾ ਕਲਾਂ (ਹੁਸ਼ਿਆਰਪੁਰ) ਗੁ: ਸੰਤ ਬਾਬਾ ਅਤਰ ਦਾਸ, ਰੈਣ ਸਬਾਈ ਕੀਰਤਨ 22 ਜਨਵਰੀ ਮਜੀਠਾ, ਦਸਮੇਸ਼ ਨਗਰ, ਜੋਗਿੰਦਰ ਸਿੰਘ ਇੰਸਪੈਕਟਰ, ਭੋਗ ਅਖੰਡ ਪਾਠ, ਕੀਰਤਨ 23 ਜਨਵਰੀ ਅੰਬਾਲਾ ਛਾ: 43-ਏ ਗੋਬਿੰਦ ਨਗਰ (ਪਿਛੇ ਗੁਰਦਵਾਰਾ) ਗੋਬਿੰਦ ਕੌਰ, ਰੈਣ ਸਬਾਈ, ੨੯ ਜਨਵਰੀ**

---

## ਗੁ: ਹਾਜੀ ਰਤਨ ਬਠਿੰਡਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

**27** ਜਨਵਰੀ ਸਵੇਰੇ **6** ਤੋਂ 12 ਅਖੰਡਪਾਠ ਦੇ ਭੋਗ ਉਪਰੰਤ ਅਖੰਡ ਕੀਰਤਨ ਗੁ: ਹਾਜੀ ਰਤਨ, ਸ਼ਾਮ **5-30** ਤੋਂ **8-30** ਕੀਰਤਨ ਮਾਡਲ ਟਾਊਨ, **28** ਜਨਵਰੀ ਸਵੇਰੇ **6** ਤੋਂ **12** ਕੀਰਤਨ ਗੁ: ਕਿਲ੍ਹਾ ਮੁਬਾਰਕ, ਸ਼ਾਮ ਕੀਰਤਨ ਗੁ: ਥਰਮਲ ਕਾਲੋਨੀ, **29** ਜਨਵਰੀ ਸਵੇਰੇ **6** ਤੋਂ **12** ਗੁ: ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ), ਸ਼ਾਮ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਗੁ: ਹਾਜੀ ਰਤਨ ਵਿਖੇ । ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਗੁਰਦੁਆਰਾ ਹਾਜੀ ਰਤਨ ਵਿਖੇ ।

## ਮੋਗਾ ਵਿਖੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸੰਬੰਧੀ ਸਾਲਾਨਾ ਅਖੰਡ ਕੀਰਤਨ ਸਮਾਗਮ

**3** ਫਰਵਰੀ **6-30** ਤੋਂ **10** ਸ਼ਾਮ ਕੀਰਤਨ ਭਾਈ ਅਜੀਤ ਸਿੰਘ ਪਿੰਡ ਰਤੀਆ, **4** ਫਰਵਰੀ **6-30** ਤੋਂ **10** ਸ਼ਾਮ ਕੀਰਤਨ ਭਾਈ ਗੁਰਮੀਤ ਸਿੰਘ ਪਿੰਡ ਸਨੀਤਾ, **5** ਫ਼ਰਵਰੀ ਸਵੇਰੇ **6** ਤੋਂ 12 ਕੀਰਤਨ ਗ੍ਰਹਿ ਭਾਈ ਨਿਧਾਨ ਸਿੰਘ, ਸ਼ਾਮ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਗੁਰਦੁਆਰਾ ਤੇਗ ਬਹਾਦਰ ਸਾਹਿਬ ਦੋਸਾਂਝ ਰੋਡ ਮੋਗਾ ਵਿਖੇ ।

---

**ਯੂ. ਕੇ. ਦੇ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਉਣ ਲਈ ਪਤਾ (ਫੋਨ 0734-267900)**

*Bhai Gurnam Singh, 10-Lambourne Gardens, Earley, Reading, Berk, U.K.*

---

**ਗੁਰਬਾਣੀ ਦੇ ਸਤਿਕਾਰ ਲਈ 'ਸੂਰਾ' ਪੱਤਰ ਨੂੰ ਉਚੀ ਥਾਂ ਸਤਿਕਾਰ ਨਾਲ ਰਖੋ ਜੀ**

---

ਮਨੀਆਰਡਰ, ਬੈਂਕ ਡਰਾਫਟ ਤੇ ਚਿੱਠੀ ਪੱਤਰ ਭੇਜਣ ਦਾ ਪਤਾ :

**ਸੂਰਾ ਮੰਥਲੀ, 390 ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ–143006**

www.AKJ.Org